ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ

ਵਾਹਿਗੁਰੂ ਜੀ ਕੀ ਫ਼ਤਹ ॥

# ਸੂਰਾ


ਪਟਿਆਲਾ

## * ਚਲੋ ਸਿੰਘੋ ਚਲ ਦਰਸ਼ਨ ਕਰੀਏ *

### ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ (ਨਦੇੜ)

੨੦ ਸਤੰਬਰ ੧੯੭੦

20 SEPTEMBER 1970



ਇਸ ਪਵਿਤ੍ਰ ਅਸਥਾਨ ਦੇ ਦਰਸ਼ਨਾਂ ਲਈ ਪਟਿਆਲੇ ਤੋਂ 9 ਅਕਤੂਬਰ ਨੂੰ
ਅਖੰਡ ਕੀਰਤਨੀ ਜਥੇ ਸਪੈਸ਼ਲ ਬਸ ਰਾਹੀਂ ਕੀਰਤਨ ਦੀ ਸੇਵਾ
ਕਰਦੇ ਹੋਏ 20 ਅਕਤੂਬਰ ਨੂੰ ਪੁਜ ਰਹੇ ਹਨ ।

www.AKJ.Org

# ● ਲੇਖ-ਸੂਚੀ ●


| ਲੇਖ | ਪੰਨਾ | ਲੇਖਕ |
|---|---|---|
| 'ਸੂਰਾ' ਬਾਰੇ | ੩ | ਭਾ: ਰਾਜਿੰਦਰ ਸਿੰਘ ਜੀ ਹੈਡ ਗ੍ਰੰਥੀ, ਲੁਧਿਆਣਾ |
| ਪ੍ਰਚਾਰ ਦੌਰੇ ਦਾ ਪਰੋਗਰਾਮ | ੫ | ਅਖੰਡ ਕੀਰਤਨੀ ਜੱਥਾ, ਪਟਿਆਲਾ |
| ਮਾਇਆ ਦਾ ਪ੍ਰਭਾਵ ਤੇ ਇਸਤੋਂ ਛੁਟਕਾਰਾ | ੭ | ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ਸੰਤਹੁ ਇਹਾ ਬਤਾਵਹੁ ਕਾਰੀ।......... | ੧੧ | ਪ੍ਰਿੰਸੀਪਲ ਮੇਹਰ ਸਿੰਘ ਜੀ, ਡੇਹਰਾਦੂਨ |
| ਅੰਤਰਮਨ ਤੇ ਸਿਨਮੇ ਦਾ ਅਸਰ | ੧੬ | ਭਾ: ਅਮਰਜੀਤ ਸਿੰਘ ਜੀ, ਦਾਰਜੀਲਿੰਗ |
| ਇਹ ਕੀ ? | ੨੦ | ਸ: ਨਰਿੰਦਰਬੀਰ ਸਿੰਘ ਜੀ, ਦਿੱਲੀ |
| ਤਿੰਨ ਰਾਤਾਂ | ੨੨ | ਸ: ਜੀ. ਬੀ. ਸਿੰਘ, ਡੇਹਰਾਦੂਨ |
| ਲਲਤੋਂ ਨਿਵਾਸੀ ਵੀਰ ਨਿਰਭੈ ਸਿੰਘ ਜੀ | ੨੭ | ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ਬ੍ਰਹਮ-ਵਿਚਾਰ ਦੇ ਰੰਗ | ੩੦ | ਗਿ: ਦਲਜੀਤ ਸਿੰਘ ਜੀ 'ਕਮਲ' ਦਿਲੀ |
| ਗੁਰਬਾਣੀ ਪਾਠ-ਨਿਰਣਯ | ੩੧ | ਗਿ: ਹਰਬੰਸ ਸਿੰਘ ਜੀ, ਚੰਡੀਗੜ੍ਹ |


## ਸਾਲਾਨਾ ਅਖੰਡ ਕੀਰਤਨ ਸਮਾਗਮ ਦਿੱਲੀ

ਸਰਬੱਤ ਸੰਗਤਾਂ ਇਹ ਸੁਣਕੇ ਪ੍ਰਸੰਨ ਹੋਣਗੀਆਂ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 8,9,10,11 ਅਕਤੂਬਰ ਨੂੰ ਅਦੁਤੀ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਵੇਰਵੇ ਸਹਿਤ ਪਰੋਗਰਾਮ ਅਗਲੇ ਸੂਰਾ ਵਿਚ ਦਿਤਾ ਜਾਵੇਗਾ।

ਦਾਸਰੇ—ਅਖੰਡ ਕੀਰਤਨੀ ਜਥਾ, ਦਿੱਲੀ

## ਵਿਛੜੀ ਰੂਹ ਦੀ ਯਾਦ ਵਜੋਂ

ਸ: ਅਮਰਜੀਤ ਸਿੰਘ ਜੀ (ਫ਼ੌਜੀ) ਪਿੰਡ ਘੁਮਾਣਾਂ ਤੈ: ਰਾਜਪੁਰਾ ਦੇ ਸਤਿਕਾਰਯੋਗ ਪਿਤਾ ਭਾ: ਨਰਿੰਜਣ ਸਿੰਘ ਜੀ ਅਕਾਲ ਚਲਾਣਾ ਕਰ ਗਏ ਹਨ, ਉਹਨਾਂ ਦੇ ਨਮਿੱਤ ਰਖੇ ਗਏ ਸਾਧਾਰਨ ਪਾਠ ਦਾ ਭੋਗ 30.8.70 ਮੁਤਾਬਕ 15 ਭਾਦਰੋਂ ਨੂੰ ਪਿਆ। ਭੋਗ ਸਮੇਂ ਉਹਨਾਂ ਦੀ ਯਾਦਗਾਰ ਹਿਤ ੧੧) ਰੁਪੈ 'ਸੂਰਾ' ਨੂੰ ਭੇਜੇ ਗਏ ਹਨ। ਵਾਹਿਗੁਰੂ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਤੇ ਪਿਛੇ ਪਰਵਾਰ ਨੂੰ ਭਾਣਾ ਮੰਨਣ ਦੀ ਸਮਰੱਥਾ ਬਖ਼ਸ਼ੇ। (ਸੰਪਾਦਕ)

## ਜਹ ਭੰਡਾਰੁ ਗੋਬਿੰਦ ਕਾ ਖੁਲਿਆ

ਸਰਬਤ ਗੁਰੂ ਪਿਆਰਿਆਂ ਨੂੰ ਇਹ ਸੁਣ ਕੇ ਬੜੀ ਖੁਸ਼ੀ ਹੋਵੇਗੀ ਕਿ ਜਿਥੇ 'ਸੂਰਾ' ਨੇ ਇਨੇ ਥੋੜੇ ਸਮੇਂ ਵਿਚ ਇੰਨੀ ਤਰੱਕੀ ਕੀਤੀ ਹੈ। ਉਥੇ 'ਸੂਰਾ' ਵਲੋਂ ਇਕ ਹੋਰ ਕਦਮ ਛੇਤੀ ਹੀ ਚੁਕਿਆ ਜਾ ਰਿਹਾ ਹੈ। ਉਹ ਹੈ—'ਕੀਰਤਨ ਲਾਇਬਰੇਰੀ' ਜਿਸ ਵਿਚ ਕੀਰਤਨ ਦੀਆਂ ਟੇਪਾਂ ਤੇ ਟੇਪ ਰੀਕਾਰਡ ਰਖੇ ਜਾਣਗੇ ਜੋ ਗੁਰਮੁਖ ਪਿਆਰੇ ਮੰਗ ਕਰਨਗੇ ਉਹਨਾਂ ਨੂੰ ਭੇਟਾ ਕੀਤੇ ਜਾਣਗੇ ਤੇ ਮਿਥੇ ਸਮੇਂ ਵਿਚ ਵਾਪਸ ਲਏ ਜਾਣਗੇ। ਜੇ ਕੋਈ ਗੁਰੂ ਪਿਆਰਾ ਟੇਪ ਜਾ ਟੇਪ ਰੀਕਾਰਡ ਖਰੀਦਣਾ ਚਾਹੇਗਾ ਉਹ ਸੇਵਾ ਵੀ ਕੀਤੀ ਜਾਵੇਗੀ। ਅਸੀਂ ਛੇਤੀ ਹੀ ਸਿੰਘਾਂਪੁਰ ਤੋਂ ਵੀ ਟੇਪਾਂ ਮੰਗਾ ਰਹੇ ਹਾਂ, ਸੰਗਤਾਂ ਉਡੀਕ ਕਰਨ।

ਦਾਸ—ਮੈਨੇਜਰ, ਸੂਰਾ

## ਪਾਠਕ ਦਾ ਫ਼ਰਜ਼

'ਸੂਰਾ' ਦੇ ਗੁਰਮਤਿ ਪ੍ਰਚਾਰ ਨੂੰ ਮੁਖ ਰਖਕੇ ਹਰ ਇਕ ਪਾਠਕ ਦੋ ਦੋ ਨਵੇਂ ਪਾਠਕ (ਮੈਂਬਰ) ਬਣਾ ਕੇ ਇਸ ਗੁਰਮਤਿ ਪ੍ਰਚਾਰ ਦੇ ਸੋਮੇਂ ਨੂੰ ਘਰ ਘਰ ਪੁਚਾ ਪ੍ਰਫੁਲਤ ਕਰੇ। (ਦਾਸ—ਮੈਨੇਜਰ)

www.AKJ.Org

ੴ ਸਤਿ ਗੁਰਪ੍ਰਸਾਦਿ ॥

ਧਨਾਸਰੀ ਮਹਲਾ ੪ ॥

ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥ ਜਪਿ ਮਨ ਸਤਿਨਾਮੁ ਸਦਾ ਸਤਿਨਾਮੁ ॥ ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ਰਹਾਉ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥੨॥੬॥੧੨

---


13 ਸਤੰਬਰ 1970 ਨੂੰ ਕਾਕਾ ਰਵਿੰਦਰ ਸਿੰਘ ਦੇ ਸ਼ੁਭ ਅਨੰਦ ਕਾਰਜ ਸਮੇਂ ਭੇਟਾ !

ਵਲੋਂ : ਭਾਈ ਹੀਰਾ ਸਿੰਘ ਐਂਡ ਕੋ ਹੋਲਸੇਲ ਸ਼ੇਰੇ-ਪੰਜਾਬ ਮਾਰਕੀਟ, ਪਟਿਆਲਾ ।

www.AKJ.org

www.AKJ.org
www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




**ਸਾਲਾਨਾ ਚੰਦਾ**

ਦੇਸ 12 ਰੁਪਏ
ਪ੍ਰਦੇਸ ਸਮੁੰਦਰੀ ਡਾਕ
20 ਰੁਪਏ
ਪ੍ਰਦੇਸ ਹਵਾਈ ਡਾਕ
60 ਰੁਪਏ

ਲਾਈਫ਼ ਮੈਂਬਰ
250 ਰੁਪਏ

ਪ੍ਰਤੀ ਕਾਪੀ 70 ਪੈਸੇ

*

## ਗੁਰਮਤਿ ਪ੍ਰਚਾਰਕ ਅੱਧ-ਮਾਸਕਪੱਤਰ ਸੂਰਾ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੨੦ ਸਤੰਬਰ ਮੁਤਾਬਕ ੫ ਅੱਸੂ ੫੦੧ ਨਾਨਕ ਸ਼ਾਹੀ [ ਅੰਕ ੧੫

# * 'ਸੂਰਾ' ਬਾਰੇ *

[ਵਲੋਂ :–ਭਾਈ ਰਾਜਿੰਦਰ ਸਿੰਘ ਜੀ (ਹੈਡ ਗ੍ਰੰਥੀ) ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ]

'ਸੂਰਾ ਪ੍ਰੈਸ' ਦੀ ਵਰ੍ਹੇ ਗੰਢ ਮਨਾਈ ਗਈ, 'ਸੂਰਾ ਪ੍ਰੈਸ' ਲਗਣ ਤੋਂ ਬਾਅਦ ਜੋ ਇਸ ਪਰਚੇ ਨੇ ਕਾਮਯਾਬੀ ਵਲ ਕਦਮ ਵਧਾਇਆ ਹੈ, ਇਹ ਪਾਠਕ ਸਜਣ ਜਾਣਦੇ ਹਨ, ਥੋੜੇ ਸਮੇਂ ਅੰਦਰ ਹੀ ਮਾਸਕ ਪੱਤਰ ਤੋਂ ਅੱਧ ਮਾਸਕ ਪੱਤਰ ਨਿਕਲਣ ਲਗ ਗਿਆ ਹੈ। ਗੁਰਮਤਿ ਪ੍ਰਥਾਇ ਸੁਚਜੇ ਲੇਖ ਅਤੇ ਕੀਰਤਨ ਸਮਾਗਮਾਂ ਦੀ ਸੂਚੀ ਦਾ ਸਾਰੇ ਹੀ ਪੜ੍ਹਣ ਵਾਲਿਆਂ ਨੂੰ ਕਾਫ਼ੀ ਲਾਭ ਪਹੁੰਚ ਰਿਹਾ ਹੈ।

ਮੌਜੂਦਾ ਸਮੇਂ ਦੀ ਝੂਠੀ ਸਿਆਸਤ ਤੋਂ ਨਿਰਲੇਪ ਰਹਿ ਕੇ ਸੱਚਾ ਸੁੱਚਾ ਗੁਰਮਤਿ ਦਾ ਪ੍ਰਚਾਰ ਕਰਨ ਵਾਲਾ ਇਹ ਪਰਚਾ ਦਿਨ ਦੂਣੀ ਰਾਤ ਚੌਗਣੀ ਤਰੱਕੀ ਕਰੇਗਾ।

ਇਹ ਠੀਕ ਹੈ ਕਿ ਸਾਡਾ ਧਰਮ ਅਤੇ ਸਿਆਸਤ ਇਕੱਠੀ ਹੈ ਪਰ ਧਰਮ ਪਹਿਲਾਂ ਹੈ ਅਤੇ ਸਿਆਸਤ ਪਿਛੋਂ, ਉਹ ਵੀ ਸਚਾਈ ਨੂੰ ਮੁਖ ਰਖ ਕੇ, ਨਿਰੇ ਝੂਠ ਦਾ ਪਲੰਦਾ ਇਕੱਠਾ ਕਰਕੇ ਸਿਆਸਤ ਨੂੰ ਧਰਮ ਨਾਲ ਜੋੜ ਕੇ ਨਿਜੀ ਸੁਆਰਥ ਵਾਸਤੇ ਤਾਂ ਧਰਮ ਨੂੰ ਵੀ ਕਲੰਕਤ ਕਰਨਾ ਹੈ।

ਜਿਤਨਾ ਉਚਾ ਸੁਚਾ ਧਰਮ ਹੈ ਇਸ ਨਾਲ ਜੁੜੀ ਸਿਆਸਤ ਵੀ ਇਤਨੀ ਉਚੀ ਸੁਚੀ ਰਖਣ ਦਾ

ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਨੇ ਛਪਵਾ ਕੇ ਦਫ਼ਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ਪ੍ਰਕਾਸ਼ਤ ਕੀਤਾ।

www.AKJ.Org

ਹੁਕਮ ਹੈ, ਉਹ ਵੀ ਲੋਕ ਭਲਾਈ ਲਈ, ਨਾਕਿ ਆਪਣੇ ਸੁਆਰਥ ਵਾਸਤੇ ।

ਸਿਖ ਧਰਮ ਨੂੰ ਕਦੇ ਵੀ ਕੋਈ ਖਤਰਾ ਨਹੀਂ ਹੋਇਆ, ਨਾ ਹੋ ਸਕਦਾ ਹੈ, ਜੋ ਧਰਮ ਖਾਲਸ ਅਕਾਲ ਪੁਰਖ ਦਾ ਹੈ ਜਿਸ ਦਾ ਰਾਖਾ ਉਹ ਆਪ ਹੈ–ਜਿਹੜਾ ਉਸ ਦੀ ਮੌਜ ਨਾਲ ਪ੍ਰਗਟ ਹੋਇਆ ਹੈ, ਕਦੇ ਇਸ ਨੂੰ ਕੋਈ ਖ਼ਤਰਾ ਨਹੀਂ ਹੋਇਆ ।

ਗੁਰੂ ਤੇਗ ਬਹਾਦਰ ਜੀ ਨੇ ਸੀਸ ਦਿਤਾ ਪ੍ਰਉਪਕਾਰ ਵਾਸਤੇ, ਹਿੰਦੂ ਧਰਮ ਦੇ ਆਗੂਆਂ ਪੰਡਿਤਾਂ ਦੀ ਫਰਿਆਦ ਸੁਣ ਕੇ ਗੁਰੂ ਨਾਨਕ ਦਰਬਾਰ ਦੀ ਰਵਾਇਤ ਨੂੰ ਕਾਇਮ ਰਖਦਿਆਂ ਪਰਉਪਕਾਰੀ ਸਤਿਗੁਰੂ ਪਾ: ੯ ਨੇ 'ਠੀਕਰ ਫੋਰ ਦਲੀਸ ਸਿਰੁ ਪ੍ਰਭ ਪੁਰ ਕੀਓ ਪਯਾਨ, ਤੇਗ਼ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨਿ । ਸੀਸ ਦੀਆ ਪਰ ਸਿਰਰ ਨਾ ਦੀਆ, ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂ ਮਹਿ ਸਾਕਾ ।' ਕਲਗੀਧਰ ਜੀ ਨੇ ਜੰਗ ਲੜੇ ਮੁਲਕ ਜਿਤ ਕੇ ਰਾਜ ਕਰਨ ਵਾਸਤੇ ਨਹੀਂ, 'ਅਵਰ ਵਾਸਨਾ ਨਾਹਿ ਧਰਮ ਯੁਧ ਕੇ ਚਾਹਿ, ਜ਼ੁਲਮ ਦਾ ਨਾਸ ਕਰਨ ਵਾਸਤੇ ਭਾਰਤ ਨੂੰ ਆਜ਼ਾਦ ਕਰਾਉਣ ਹਿਤ ਮਰੀ ਹੋਈ ਹਿੰਦੂ ਕੌਮ ਨੂੰ ਜਗਾਉਣ ਵਾਸਤੇ ।

ਬਾਬਾ ਦੀਪ ਸਿੰਘ ਜੀ ਨੂੰ ਕੋਈ ਖ਼ਤਰਾ ਨਹੀਂ ਸੀ, ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਬੈਠੇ ਧਰਮ ਪ੍ਰਚਾਰ ਕਰ ਰਹੇ ਸਨ, ਸਤਿਗੁਰੂ ਜੀ ਦਾ ਮਹਾਨ ਹੁਕਮ ਕਮਾ ਰਹੇ ਸਨ 'ਗੁਰਬਾਣੀ ਲਿਖ ਪੋਥੀਆਂ' ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਹਥੀਂ ਲਿਖ ਕੇ ਸਤਿਗੁਰੂ ਜੀ ਦੀ ਆਗਿਆ ਦਾ ਪਾਲਨ ਕਰ ਰਹੇ ਸਨ, ਇਸ ਰੰਗ 'ਚ ਸੇਵਾ ਕਰਦਿਆਂ ਨੂੰ ਖਬਰਾਂ ਪਹੁੰਚੀਆਂ ਕਿ ਅਹਿਮਦ ਸ਼ਾਹ ਅਬਦਾਲੀ ਭਾਰਤ ਦੀਆਂ ਕਈ ਹਜ਼ਾਰ ਦੇਵੀਆਂ ਤੇ ਧਨ ਕਾਬਲ ਨੂੰ ਲੈ ਚਲਿਆ ਹੈ—ਰੋਂਦੀਆਂ ਕੁਰਲਾਂਦੀਆਂ ਦੇਸ਼ ਦੀ ਸ਼ਕਤੀ ਨੂੰ ਵਾਜਾਂ ਮਾਰ ਕੇ ਕਹਿ ਰਹੀਆਂ ਸਨ "ਅਗੋ ਆਏ ਕੋਈ ਸੂਰਮਾ, ਲੈ ਅਣਖ ਤੇ ਮਾਲ ਬਚਾ ।"

ਪਰਉਪਕਾਰੀ ਹਿਰਦਾ ਇਹ ਸੁਣ ਕੇ ਸਹਿ ਨਾ ਸਕਿਆ ੭੫ ਸਾਲ ਦੀ ਉਮਰ ਵਿਚ 'ਗੁਰਮੁਖ ਬੁਢੇ ਕਦੇ ਨਾਹੀ' ਜਵਾਨਾਂ ਵਾਂਙੂ ਖ਼ੂਨ ਖੌਲਿਆ ਡੌਲੇ ਫਰਕੇ 18 ਸੇਰ ਵਜ਼ਨ ਦਾ ਦੋ ਧਾਰਾ ਖੰਡਾ ਸੰਭਾਲ ਕੇ ਪੰਜ ਸੌ ਜਵਾਨਾਂ ਨੂੰ ਨਾਲ ਲੈ ਥਾਨੇਸਰ ਦੇ ਮੁਕਾਮ ਤੇ ਅਬਦਾਲੀ ਦੀ ਫ਼ੌਜ ਤੇ ਹਮਲਾ ਕਰ ਦਿਤਾ । ਅਧੇ ਲੜਨ ਲੱਗ ਪਏ ਤੇ ਅਧਿਆਂ ਨੇ ਪੰਜ ਕੁ ਗਡੇ ਘੇਰਕੇ ਉਹਨਾਂ ਦੇ ਹਿਕਣ ਵਾਲਿਆਂ ਨੂੰ ਝਟਕਾ ਕੇ ਗਡੇ ਪਾਸੇ ਕੱਢ ਲਏ, ਜਿੰਨਾ ਚਿਰ ਗਡੇ ਕਾਫ਼ੀ ਦੂਰ ਜੰਗਲ 'ਚ ਨਹੀਂ ਪਹੰਚ ਗਏ ਲੜਾਈ ਜਾਰੀ ਰਖੀ ਜਦੋਂ ਗਡੇ ਕਾਫ਼ੀ ਦੂਰ ਪਹੁੰਚ ਗਏ ਬਾਬਾ ਜੀ ਨੇ ਜਥੇ ਨੂੰ ਹਰਨ ਹੋ ਜਾਣ ਦਾ ਹੁਕਮ ਦਿਤਾ, ਇਸ ਤਰ੍ਹਾਂ ਨਾਲ ਭਾਰਤੀਆਂ ਦੀਆਂ ਨਾਰੀਆਂ ਨੂੰ ਜ਼ਾਲਮਾਂ ਦੇ ਪੰਜੇ ਚੋਂ ਛੁੜਾ ਕੇ ਪਰਉਪਕਾਰ ਕੀਤਾ, ਇਹ ਸੀ ਧਰਮ ਤੇ ਸਿਆਸਤ ।

ਪੰਜਾਬ ਭਾਰਤ ਦਾ ਸਰਹਦੀ ਇਲਾਕਾ ਹੈ. ਜਦੋਂ ਵੀ ਕੋਈ ਹਮਲਾਆਵਰ ਭਾਰਤ ਤੇ ਚੜ੍ਹ ਕੇ ਆਉਂਦਾ ਹੈ ਉਸ ਨਾਲ ਪਹਿਲਾਂ ਪੰਜਾਬੀਆਂ ਖ਼ਾਸ ਕਰ ਸਿੰਘਾਂ ਨੂੰ ਲੋਹਾ ਲੈਣਾ ਪੈਂਦਾ ਹੈ । ਇਸੇ ਕਰਕੇ ਹੁਣ ਤਕ ਸਿੰਘਾਂ ਨੇ ਬੜੇ ਕਰੜੇ ਸਮੇਂ ਵੇਖੇ ਹਨ–ਪਰ ਫਿਰ ਵੀ ਜਦੋਂ ਕਿਤੇ ਖਾਲਸੇ ਨੂੰ ਅਮਨ ਦਾ ਸਮਾਂ ਮਿਲਦਾ ਸੀ ਭਾਵ ਜਦੋਂ ਜ਼ਾਲਮ ਹੁਕਮਰਾਨ ਖਾਲਸੇ ਦੇ ਹਥ ਵੇਖਕੇ ਨਰਮ ਹੁੰਦੇ ਸਨ ਖ਼ਾਲਸਾ ਧਰਮ ਪ੍ਰਚਾਰ ਵਿਚ ਜੁਟ ਜਾਂਦਾ ਸੀ ।

ਨਵਾਬ ਕਪੂਰ ਸਿੰਘ ਜੀ ਨੂੰ ਜਦੋਂ ਨਵਾਬੀ ਦੀ ਪੇਸ਼ਕਸ਼ ਹੋਈ ਉਹ ਨਵਾਬੀ ਦੀ ਕੁਰਸੀ ਦੇ ਭੁਖੇ ਨਹੀਂ ਸਨ, ਖ਼ਾਲਸੇ ਨਾਲ ਗੁਰਮਤਾ ਕੀਤਾ ਜਿਸ ਵਿਚ ਸਰਬ ਸੰਮਤੀ ਨਾਲ ਇਹ ਪਾਸ ਹੋਇਆ, ਕਿ ਜੋ ਸਮਾਂ ਅਮਨ ਦਾ ਮਿਲਦਾ ਹੈ ਹਕੂਮਤ ਡਰੀ ਹੋਈ ਹੈ ਖ਼ਾਲਸੇ ਨਾਲ ਸਮਝੌਤਾ ਕਰਨਾ ਚਾਹੁੰਦੀ ਹੈ, ਇਹ ਬਹੁਤਾ ਸਮਾਂ ਨਹੀਂ ਰਹਿਣਾ–'ਭਗਤਾਂ ਤੇ ਸੰਸਾਰੀਆਂ ਜੋੜਿ ਕਦੇ ਨਾ ਆਇਆ' ਜਿਨਾ ਸਮਾਂ ਹੈ ਧਰਮ ਪ੍ਰਚਾਰ ਕੀਤਾ ਜਾਏ ਕਿਉਂਕਿ ਖ਼ਾਲਸੇ ਦੀ ਗਿਣਤੀ ਬਹੁਤ ਸਵਾਈ ਹੈ, ਸੋ ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਹੇਠ ਖ਼ਾਲਸੇ ਨੇ ਦਿਨ ਰਾਤ ਕਿ ਕਰਕੇ ਸਿਖੀ ਪ੍ਰਚਾਰ ਕੀਤਾ । ਨਵਾਬ ਸਾਹਿਬ ਹਰ ਸਮੇਂ ਆਪਣੇ ਘੋੜੇ ਤੇ ਖੰਡਾ ਬਾਟਾ ਸਜਾਈ ਨਗਰ ਨਗਰ ਫਿਰ ਕੇ ਅੰਮ੍ਰਿਤ ਸੰਚਾਰ ਕਰਦੇ, ਕਲਗੀਆਂ ਵਾਲੇ ਦਾ ਸੰਦੇਸ਼ ਦੇਂਦੇ, ਖ਼ਾਲਸੇ ਸਜਾਉਂਦੇ । ਜੀਵਨ

(ਬਾਕੀ ਦੇਖੋ ਸਫ਼ਾ 35 ਤੇ)



www.AKJ.Org

# ਅਖੰਡ ਕੀਰਤਨੀ ਜਥਿਆਂ ਵਲੋਂ ਦਖਣੀ ਪਛਮੀ ਭਾਰਤ ਦੇ
# ਪਰਚਾਰ ਦੌਰੇ ਦਾ ਪਰੋਗਰਾਮ
## ਜੱਥੇ ਦੀ ੯ ਅਕਤੂਬਰ ਨੂੰ ਚਲ ਕੇ ੧ ਨਵੰਬਰ ਨੂੰ ਵਾਪਸੀ

ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ੯ ਅਕਤੂਬਰ ਦਿਨ ਸ਼ੁਕਰਵਾਰ ਤੋਂ ਹੇਠ ਲਿਖੇ ਪਰੋਗਰਾਮ ਅਨੁਸਾਰ ਦਖਣੀ ਪਛਮੀ ਭਾਰਤ ਦੇ ਪ੍ਰਚਾਰ ਦੌਰੇ ਦਾ ਇਕ ਸਪੈਸ਼ਲ ਬਸ ਰਾਹੀਂ ਪਰੋਗਰਾਮ ਬਣਾਇਆ ਗਿਆ ਹੈ। ਇਸ ਪਰੋਗਰਾਮ ਵਿਚ ਸ੍ਰੀਮਾਨ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ, ਗੁਰੂ ਕੇ ਕੀਰਤਨੀਏ ਭਾਈ ਜੀਵਨ ਸਿੰਘ ਜੀ, ਭਾਈ ਪ੍ਰੀਤਮ ਸਿੰਘ ਜੀ 'ਚਾਨੀ' ਅਤੇ ਹੋਰ ਅਨੇਕਾਂ ਕੀਰਤਨੀ ਸਿੰਘ ਸਿੰਘਣੀਆਂ ਸ਼ਾਮਲ ਹੋ ਰਹੇ ਹਨ।

## ਜ਼ਰੂਰੀ ਬੇਨਤੀਆਂ

੧. ਸਿੰਘਾਂ ਦੀ ਸਰਕਾਰੀ ਛੁਟੀਆਂ ਨੂੰ ਮੁਖ ਰਖ ਕੇ ਜੱਥਾ ੮ ਅਕਤੂਬਰ ਦੀ ਬਜਾਏ ੯ ਅਕਤੂਬਰ ਸ਼ੁਕਰਵਾਰ ਨੂੰ ਪਟਿਆਲੇ ਤੋਂ ਚ ਲੇ ਪਾਵੇਗਾ। ਸਬੰਧਤ ਸਜਣ ਨੋਟ ਕਰ ਲੈਣ।

੨. ਇਸ ਪਰੋਗਰਾਮ ਲਈ ਕੇਵਲ ਤੇ ਕੇਵਲ ਇਕ ਹੀ ਬਸ ਜਾ ਰਹੀ ਹੈ ਜਿਸ ਵਿਚ ਸੀਟਾਂ ਮੁਕੰਮਲ ਹੋ ਜਾਣ ਕਾਰਨ ਹੋਰ ਕੋਈ ਵੀ ਸਜਣ ਨਾਲ ਜਾਣ ਲਈ ਚਿੱਠੀ ਪੱਤ੍ਰ ਕਰਨ ਦੀ ਖੇਚਲ ਨ ਕਰੇ। ਜਿਨ੍ਹਾਂ ਪਿਆਰਿਆਂ ਨੇ ਸਤਿਗੁਰੂ ਜੀ ਦੀ ਸੇਵਾ ਲਈ ਨਾਲ ਜਾਣਾ ਹੈ ਉਹਨਾਂ ਨੂੰ ਪਤ੍ਰਕਾਵਾਂ ਰਾਹੀਂ ਬੇਨਤੀਆਂ ਕੀਤੀਆਂ ਜਾ ਚੁਕੀਆਂ ਹਨ।

੩. ਪਟਿਆਲੇ ਤੋਂ ਜੱਥਾ ੯ ਅਕਤੂਬਰ ਸ਼ੁਕਰਵਾਰ ਸ਼ਾਮ ਨੂੰ ੭ ਵਜੇ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸ਼ਾਮ ਨੂੰ ੫॥ ਵਜੇ ਤੋਂ ੬॥ ਵਜੇ ਤਕ ਕੀਰਤਨ ਦੀਆਂ ਘੁੰਮਰਾਂ ਪਾ ਕੇ ਉਪਰੰਤ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਕੇ ਚਾਲੇ ਪਾਵੇਗਾ।

੪. ਜੋ ਪਟਿਆਲੇ ਤੋਂ ਬਾਹਰ ਦੇ ਸਿੰਘ ਸਿੰਘਣੀਆਂ ਹਨ ਉਹ ਕਿਰਪਾ ਕਰਕੇ ਜਾਂ ਤਾਂ ਸਿਧਾ ੯ ਅਕਤੂਬਰ ਸ਼ਾਮ ਨੂੰ ਪਟਿਆਲੇ ਵਿਚ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਅਪੜ ਜਾਣ ਜਾਂ ਫਿਰ ੧੦ ਅਕਤੂਬਰ ਸ਼ਾਮ ਨੂੰ ਸਿਧਾ ਦਿਲੀ ਪੁਜ ਕੇ ਪ੍ਰਬੰਧਕਾਂ ਨੂੰ ਪੁਜਣ ਦੀ ਇਤਲਾਹ ਦੇਣ ਦੀ ਕ੍ਰਿਪਾਲਤਾ ਕਰਨ ਪਰ ਸਿੱਧਾ ਦਿਲੀ ਪੁਜਣ ਵਾਲੇ ਸਿੰਘ ਹੇਠ ਲਿਖੇ ਪਤੇ ਤੇ ਪਹਿਲਾਂ ਇਤਲਾਹ ਜ਼ਰੂਰ ਹੀ ਭੇਜਣ ਦੀ ਕ੍ਰਿਪਾ ਕਰਨ।

੫. ਇਸ ਜੱਥੇ ਦੇ ਹਰ ਸਿੰਘ ਸਿੰਘਣੀ ਕੋਲ ਹੇਠ ਲਿਖੀਆਂ ਵਸਤਾਂ ਹੋਣੀਆਂ ਚਾਹੀਦੀਆਂ ਹਨ:— ਛੋਟਾ ਅਟੈਚੀਕੇਸ, ਗਰਮੀਆਂ ਦਾ ਹਲਕਾ ਜਿਹਾ ਬਿਸਤਰਾ, ਪਰਸ਼ਾਦੇ ਛਕਣ ਲਈ ਦੋ ਬਰਤਨ (ਹੋ ਸਕੇ ਤਾਂ ਸਰਬ ਲੋਹ ਦੇ)।

੬. ਬਾਣਾ:—ਸਿੰਘ ਸਿੰਘੀਆਂ ਲਈ ਹੇਠ ਲਿਖਿਆ ਬਾਣਾ ਜ਼ਰੂਰੀ ਹੈ।

(ੳ) ਸਿੰਘ:—(੧) ਗੂੜ੍ਹੀ ਕਾਲੀ ਦਸਤਾਰ (੨) ਪੀਲ਼ੀ ਕੇਸਕੀ (੩) ਦਸਤਕਾਰ ਉਪਰ ਸਜਾਉਣ ਲਈ ਚੱਕਰ ਖੰਡਾ (੪) ਦਾਹੜਾ ਪ੍ਰਕਾਸ਼ ਹੋਣਾ ਚਾਹੀਦਾ ਹੈ (੫) ਕਮੀਜ਼ ਦੇ ਉਪਰ ਦੀ ਕਾਲਾ ਗਾਤਰਾ (੬) ਹੱਥ ਵਿਚ ਵੱਡੀ ਸਿਰੀ ਸਾਹਿਬ ਜਾਂ ਕੋਈ ਹੋਰ ਸ਼ਸਤ੍ਰ।

(ਅ) ਸਿੰਘਣੀ:—(੧) ਕਾਲੀ ਕੇਸਕੀ (੨) ਗੂੜ੍ਹੀ ਕਾਲੀ ਚੁੰਨੀ (੩) 'ਜਤੁ ਪੈਧੇ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ' ਦੇ ਹੁਕਮ ਮੁਤਾਬਕ ਤੰਗ ਬਸਤ੍ਰ ਬਿਲਕੁਲ ਨਹੀਂ ਪਾਉਣੇ। (੪) ਕਮੀਜ਼ ਉਤੋਂ ਦੀ



www.AKJ.Org

ਕਾਲਾ ਗਾਤਰਾ (੫) ਕੇਸਕੀ ਨਾਲ ਸਾਰੇ ਕੇਸ ਢੱਕੇ ਹੋਏ ਜ਼ਰੂਰੀ ਹੋਣੇ ਚਾਹੀਦੇ ਹਨ। (੬) ਜਿਥੋਂ ਤਕ ਹੋ ਸਕੇ ਲਿਬਾਸ ਸਾਦੇ ਤੋਂ ਸਾਦਾ ਤੇ ਸਾਰੇ ਅੰਗਾਂ ਨੂੰ ਢਕਣ ਵਾਲਾ ਹੋਵੇ।

੭. ਚੂੰਕਿ ਹਰ ਥਾਂ ਤੇ ਸਤਿਗੁਰੂ ਜੀ ਦੇ ਦਰ ਤੇ ਜਾ ਕੇ ਸੇਵਾ ਹੀ ਕਰਨੀ ਹੈ ਇਸ ਲਈ ਸਭ ਜਾ ਰਹੇ ਸਿੰਘ ਸਿੰਘਣੀਆਂ ਪ੍ਰਤੀ ਸਭ ਘਰੇਲੂ ਕੰਮ ਕਾਜ ਤਿਆਗ ਕੇ ਕੇਵਲ ਸੇਵਾ ਦੇ ਮੰਤਵ ਨੂੰ ਮੁਖ ਰਖ ਕੇ ਉਪਰ ਦਿਤੇ ਅਨੁਸਾਰ ਸਮੇਂ ਦੀ ਪਾਬੰਦੀ ਲਾਜ਼ਮੀ ਰਖਣ ਲਈ ਜੋਦੜੀਆਂ ਹਨ।

ਸੂਬਤ ਸਿੰਘ ਸਿੰਘਣੀਆਂ ਪ੍ਰਤੀ ਉਪਰੋਕਤ ਬੇਨਤੀਆਂ ਵਲ ਜ਼ਰੂਰ ਧਿਆਨ ਦੇਣ ਲਈ ਜੋਦੜੀ ਹੈ।

## * ਪਰੋਗਰਾਮ *

| ਕਿਥੋਂ ਕਿਥੇ ? | ਚਲਣ ਦਾ ਸਮਾਂ | ਮਿਤੀ | ਪਹੁੰਚ ਦਾ ਸਮਾਂ |
|---|---|---|---|
| ਪਟਿਆਲੇ ਤੋਂ ਦਿੱਲੀ | ੭ ਵਜੇ ਸ਼ਾਮ | ੯-੧੦-੭੦ | ੧੨ ਵਜੇ ਰਾਤ |
| ਦਿੱਲੀ ਤੋਂ ਜੈਪੁਰ | ੯ ਵਜੇ ਸਵੇਰੇ | ੧੧-੧੦-੭੦ | ੪ ਵਜੇ ਸ਼ਾਮ |
| ਜੈਪੁਰ ਤੋਂ ਕੋਟਾ | ੮ ਵਜੇ ਸਵੇਰੇ | ੧੨-੧੦-੭੦ | ੪ ਵਜੇ ਸ਼ਾਮ |
| ਕੋਟੇ ਤੋਂ ਬੜੋਦਾ | ੪ ਵਜੇ ਸਵੇਰੇ | ੧੪-੧੦-੭੦ | ੬ ਵਜੇ ਸ਼ਾਮ |
| ਬੜੋਦੇ ਤੋਂ ਬੰਬਈ | ੮ ਵਜੇ ਸਵੇਰੇ | ੧੫-੧੦-੭੦ | ੭ ਵਜੇ ਸ਼ਾਮ |
| ਬੰਬਈ ਤੋਂ ਪੂਨਾ | ੧੧ ਵਜੇ ਸਵੇਰੇ | ੧੮-੧੦-੭੦ | ੩ ਵਜੇ ਸ਼ਾਮ |
| ਪੂਨਾ ਤੋਂ ਹਜ਼ੂਰ ਸਾਹਿਬ | ੬ ਵਜੇ ਸਵੇਰੇ | ੨੦-੧੦-੭੦ | ੪ ਵਜੇ ਸ਼ਾਮ |
| ਹਜ਼ੂਰ ਸਾਹਿਬ ਤੋਂ ਇੰਦੌਰ | ੫ ਵਜੇ ਸਵੇਰੇ | ੨੨-੧੦-੭੦ | ੫ ਵਜੇ ਸ਼ਾਮ |
| ਇੰਦੌਰ ਤੋਂ ਭੁਪਾਲ | ੧ ਵਜੇ ਦੁਪਹਿਰ | ੨੩-੧੦-੭੦ | ੬ ਵਜੇ ਸ਼ਾਮ |
| ਭੋਪਾਲ ਤੋਂ ਗਵਾਲੀਅਰ | ੬ ਵਜੇ ਸਵੇਰੇ | ੨੫-੧੦-੭੦ | ੬ ਵਜੇ ਸ਼ਾਮ |
| ਗਵਾਲੀਅਰ ਤੋਂ ਆਗਰਾ | ੧੨ ਵਜੇ ਦੁਪਹਿਰ | ੨੬-੧੦-੭੦ | ੬ ਵਜੇ ਸ਼ਾਮ |
| ਆਗਰਾ ਤੋਂ ਮਥਰਾ | ੩ ਵਜੇ ਸ਼ਾਮ | ੨੭-੧੦-੭੦ | ੫ ਵਜੇ ਸ਼ਾਮ |
| ਮਥਰਾ ਤੋਂ ਮੇਰਠ | ੧੧ ਵਜੇ ਸਵੇਰੇ | ੨੮-੧੦-੭੦ | ੬ ਵਜੇ ਸ਼ਾਮ |
| ਮੇਰਠ ਤੋਂ ਹਰਿਦੁਆਰ | ੧੦ ਵਜੇ ਸਵੇਰੇ | ੩੦-੧੦-੭੦ | ੩ ਵਜੇ ਸ਼ਾਮ |
| ਹਰਿਦੁਆਰ ਤੋਂ ਰੁੜਕੀ | ੧੨ ਵਜੇ ਦੁਪਹਿਰ | ੩੧-੧੦-੭੦ | ੫ ਵਜੇ ਸ਼ਾਮ |
| ਰੁੜਕੀ ਤੋਂ ਜਗਾਧਰੀ | ੧੨ ਵਜੇ ਦੁਪਹਿਰ | ੧-੧੧-੭੦ | ੪ ਵਜੇ ਸ਼ਾਮ |
| ਜਗਾਧਰੀ ਤੋਂ ਪਟਿਆਲਾ | ੯ ਵਜੇ ਰਾਤ | ੧-੧੧-੭੦ | ੧੨ ਵਜੇ ਰਾਤ |

ਨੋਟ:—ਸਮੇਂ ਵਿਚ ਲੋੜ ਅਨੁਸਾਰ ਤਬਦੀਲੀ ਕਰਨ ਦਾ ਅਧਿਕਾਰ ਮੁਖੀ ਪ੍ਰਬੰਧਕਾਂ ਨੂੰ ਹੋਵੇਗਾ।

—ਹਰ ਪ੍ਰਕਾਰ ਦੀ ਪੁਛ ਗਿੱਛ ਲਈ ਪਤਾ—

ਭਾਈ ਮਹਿੰਦਰ ਸਿੰਘ, ੧੨–ਈ, ਮਾਲਵਾ ਕਲੋਨੀ, ਨੇੜੇ ਮੋਤੀ ਪੈਲਸ, ਪਟਿਆਲਾ।

ਦਾਸਰੇ—ਅਖੰਡ ਕੀਰਤਨੀ ਜੱਥਾ, ਪਟਿਆਲਾ।



www.AKJ.Org

# ਮਾਇਆ ਦਾ ਪ੍ਰਭਾਵ ਤੇ ਇਸ ਤੋਂ ਛੁਟਕਾਰਾ

ਵਲੋਂ :

ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਲੜੀ ਜੋੜਨ ਲਈ 5 ਸਤੰਬਰ ਦਾ ਸੂਰਾ ਵੇਖੋ)

*

ਆਸਾ ਮਹਲਾ ੫ ॥

ਰਾਜ ਲੀਲਾ ਤੇਰੈ ਨਾਮਿ ਬਣਾਈ ॥ ਜੋਗੁ ਬਣਿਆ ਤੇਰਾ ਕੀਰਤਨੁ ਗਾਈ । ੧ । ਸਰਬ ਸੁਖਾ ਬਣੇ ਤੇਰੈ ਓਲ੍ਹੈ । ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ।੧। ਹੁਕਮੁ ਬੂਝਿ ਰੰਗ ਰਸ ਮਾਣੇ । ਸਤਿਗੁਰ ਸੇਵਾ ਮਹਾ ਨਿਰਬਾਣੇ ।੨। ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ । ਨਾਮਿ ਰਤਾ ਸੋਈ ਨਿਰਬਾਣ । ਜਾ ਕਉ ਮਿਲਿਓ ਨਾਮੁ ਨਿਧਾਨਾ । ਭਣਤਿ ਨਾਨਕ ਤਾ ਕਾ ਪੂਰ ਖਜ਼ਾਨਾ ।

ਗੁਰਮਤਿ ਰਾਜ ਲੀਲਾ ਨਿਰੰਕਾਰੀ ਨਾਮ ਦੇ ਰੰਗਾਂ ਵਿਚ ਰੰਗੀਜੇ ਰਹਿਣ ਦਾ ਨਾਉਂ ਹੈ । ਸੰਸਾਰੀ ਰਸਾਂ ਕਸਾਂ ਵਿਚ ਖਚਤ ਹੋ ਕੇ ਲਿਪਾਇਮਾਨ ਰਹਿਣਾ ਇਹ ਸਭ ਮਨ ਮਈ ਖੋਟੀ ਰਾਜ ਲੀਲਾ ਦਾ ਵਿਸ਼ਾ ਹੈ, ਗੁਰਮਤਿ ਕੀਰਤਨ ਗਾਵਣਾ ਗੁਰਬਾਣੀ ਦੇ ਅਖੰਡ ਕੀਰਤਨ ਵਿਚ ਸਦਾ ਲਿਵ ਲੀਣ ਰਹਿਣਾ ਸਚਾ ਰਾਜ ਜੋਗ ਕਮਾਵਣਾ ਹੈ, ਇਹ ਆਤਮ ਬਿਵਸਥਾ ਗੁਰਮੁਖ ਰਾਜ ਜੋਗੀਆਂ ਨੂੰ ਗ੍ਰਿਸਤ ਵਿਚ ਰਹਿ ਕੇ ਹੀ ਪ੍ਰਾਪਤ ਹੋ ਜਾਂਦੀ ਹੈ, ਗ੍ਰਿਸਤ ਨੂੰ ਛਡ ਕੇ ਬਾਹਿਰ ਬੈਠ ਕੇ ਜੋਗ ਕਮਾਉਣਾ ਇਹ ਆਨਮਤ ਦੀ ਮਨਮਤ ਗ੍ਰਸੇ ਜੋਗੀਆਂ ਦਾ ਹੀ ਪਾਖੰਡ ਕਿਰਿਆ ਮਈ ਪਾਖੰਡ ਹੈ, ਸਚਾ ਰਾਜ ਜੋਗ ਗੁਰਮੁਖ ਜਨਾਂ ਨੂੰ ਗ੍ਰਿਸਤ ਵਿਚ ਰਹਿ ਕੇ, ਗੁਰਸਿਖ ਸੰਗਤਾਂ ਵਿਚ ਬਹਿ ਕੇ ਗੁਰਬਾਣੀ ਦੇ ਅਖੰਡ ਕੀਰਤਨ ਵਿਚ ਲਿਵਤਾਰ ਜਮਾ ਕੇ ਪ੍ਰਾਪਤ ਹੋ ਜਾਂਦਾ ਹੈ । ਗੁਰਮਤਿ ਜੋਗੀਸ਼ਰਾਂ ਨੂੰ ਬਣ ਖੰਡ ਵਿਚ ਜਾ ਕੇ ਜੋਗ ਤਪ ਕਰਨ ਦੀ ਉਕੀ ਹੀ ਲੋੜ ਨਹੀਂ, ਐਸੀ ਪਾਖੰਡ ਕਿਰਿਆ ਗੁਰਮਤਿ ਤਤ ਆਸ਼ੇ ਤੇ ਪ੍ਰਤਿਕੂਲ ਹੈ । ਇਸ ਸਚੀ ਰਾਜ ਜੋਗ ਆਤਮ ਬਿਵਸਥਾ ਦੇ ਸਗਲੇ ਸੁਖ ਵਾਹਿਗੁਰੂ ਨਾਮ ਦੀ ਓਟ ਵਿਚ ਹੀ ਮਾਣੀਦੇ ਹਨ, ਸਤਿਗੁਰ ਨਾਨਕ ਦੇਵ ਜੀ ਨੇ ਕੂੜਾਵੀ ਰਾਜ ਲੀਲਾ ਮਈ ਤਿਮਰ ਗਿਆਨ ਦੇ ਸਾਰੇ ਭਰਮ ਪਰਦੇ ਖੋਲ੍ਹ ਦਿਤੇ ਹਨ । ਸਤਿਗੁਰੂ ਦਾ ਵਾਹਿਗੁਰੂ ਅਭਿਆਸ ਨਾਮ ਲਈ ਹੁਕਮ ਮੰਨਣਾ ਸਮਗਰ ਆਤਮ ਰੰਗਾਂ ਰਸਾਂ ਨੂੰ ਮਾਨਣਾ ਹੈ, ਸਤਿਗੁਰੂ ਦੀ ਦਰਸਾਈ ਹੋਈ ਸਿਮਰਨ ਰੂਪੀ ਸੇਵਾ ਵਿਚ ਲੀਣ ਹੋਣਾ ਸਚਾ ਨਿਰਬਾਣ ਪਦ ਮਾਨ ਪਦ ਮਾਨਣਾ ਹੈ, ਬੋਧੀਆਂ ਦੀ ਜਾਣਾਈ ਹੋਈ ਫੋਕੀ ਨਿਰਬਾਣ ਪਦ ਦੀ ਦਿਸਾਵਟ, ਗੁਰਮਤਿ ਅਨੁਸਾਰ ਕਿਸੇ ਲੇਖੇ ਦੀ ਭੀ ਨਹੀਂ; ਬੁਧ ਮਤ ਦੇ ਮੋਢੀ ਸੰਸਾਰਕ ਰਸਾਂ ਕਸਾਂ ਚੋਂ ਕੇਵਲ ਹਠ ਦੁਆਰੇ ਬਿਰਤੀ ਉਚਾਟ ਕਰਨ ਨੂੰ ਹੀ ਨਿਰਬਾਣ ਪਦ ਗਰਹਿਣ ਕਰਨਾ ਦਸਦੇ ਹਨ, ਸਹਿਜੇ ਹੀ ਜੋ ਫੋਕਟ ਨਿਰਬਾਣ ਕਿਰਿਆ ਨਿਰੀ ਹਠ-ਧਰਮੀ ਹੈ ਜਿਸ ਦਾ ਗੁਰਮਤਿ ਅੰਦਰ ਉਕਾ ਹੀ ਵਿਧਾਨ ਨਹੀਂ, ਗੁਰਮਤਿ ਮਤਿ ਅਨੁਸਾਰ ਸੇਵਾ ਵਿਚ ਲੀਣ ਹੋਣਾ ਹੀ ਮਹਾਂ ਨਿਰਬਾਣ ਪਦ ਧਾਰਨਾ ਹੈ । ਜਿਸ ਗੁਰਮੁਖ ਜਗਿਆਸੂ ਜਨ ਨੇ ਗੁਰਮਤਿ ਨਾਮ ਅਭਿਆਸੀ ਕਮਾਈਆਂ ਕਰ ਕਰ ਵਾਹਿਗੁਰੂ ਅਕਾਲ ਪੁਰਖ ਦਾ ਤਤ ਪ੍ਰਚੰਡੀ ਅਪਰੋਖਸ਼ ਗਿਆਨ ਗ੍ਰਿਹਸਤ ਵਿਖੇ ਰਹਿ ਕੇ ਪ੍ਰਾਪਤ ਕਰ ਲਿਆ ਹੈ ਸੋਈ ਜਨ ਗ੍ਰਿਸਤ ਉਦਾਸ ਪ੍ਰਵਾਨ ਹੈ, ਵਾਹਿਗੁਰੂ ਅਭਿਆਸ ਦੇ ਨਾਮ ਰੰਗਾਂ ਵਿਚ ਰੱਤਾ ਹੋਇਆ ਗੁਰਮੁਖ ਜਨ ਹੀ ਸਚੇ ਨਿਰਬਾਣ ਪਦ ਦੀ ਪ੍ਰਾਪਤੀ ਵਾਲਾ ਹੈ । ਜਿਸ ਵਡਭਾਗੇ ਗੁਰਮੁਖ ਜਨ ਨੂੰ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਗੁਰਦੀਖਿਆ ਮਈ



www.AKJ.Org

ਸਚੀ ਬਿਧੀ ਪ੍ਰਾਪਤ ਹੋ ਗਈ ਹੈ, ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਉਸ ਗੁਰਮੁਖ ਜਨ ਦੇ ਨਾਮ ਖਜ਼ਾਨੇ ਸਦਾ ਭਰਪੂਰ ਰਹਿੰਦੇ ਹਨ।

ਤੀਰਥ ਜਾਉ ਤ ਹਉ ਹਉ ਕਰਤੇ । ਪੰਡਿਤ ਪੂਛਉ ਤ ਮਾਇਆ ਰਾਤੇ । ਸੋ ਅਸਥਾਨੁ ਬਤਾਵਹੁ ਮੀਤਾ । ਜਾ ਕੈ ਹਰਿ ਹਰਿ ਕੀਰਤਨੁ ਨੀਤਾ ।੧। ਰਹਾਉ । ਸਾਸਤ੍ਰ ਬੇਦ ਪਾਪ ਪੁੰਨ ਵੀਚਾਰ । ਨਰਕਿ ਸਰਗਿ ਫਿਰ ਫਿਰ ਅਉਤਾਰ ।੨। ਗਿਰਸਤ ਮਹਿ ਚਿੰਤ ਉਦਾਸੁ ਅਹੰਕਾਰ । ਕਰਮ ਕਰਤ ਜੀਅ ਕਉ ਜੰਜਾਰ ।੩। ਪ੍ਰਭ ਕਿਰਪਾ ਤੇ ਮਨੁ ਵਸਿ ਆਇਆ । ਨਾਨਕ ਗੁਰਮੁਖ ਨਹੀ ਤਿਨਿ ਪਾਇਆ । ਸਾਧ ਸੰਗਿ ਹਰਿ ਕੀਰਤਨ ਗਾਈਐ । ਇਹੁ ਅਸਥਾਨ ਗੁਰੂ ਤੇ ਪਾਈਐ । ਰਹਾਉ ਦੂਜਾ ।

ਇਸ ਗੁਰਵਾਕ ਦੁਆਰਾ ਗੁਰੂ ਸਚੇ ਪਾਤਸ਼ਾਹ ਨੇ ਪ੍ਰਿਥਮ ਤਾਂ ਆਨਮਤੀ ਤੀਰਥਾਂ ਤੇ ਨਹਾਵਣ ਨੂੰ ਖੂਬ ਖੰਡਨ ਕੀਤਾ ਹੈ, ਅਨਮਤੀ ਲੋਗ ਤੀਰਥਾਂ ਤੇ ਜਾਂਦੇ ਹਨ ਤਾਂ ਹਉਂ ਹਉਂ ਕਰਦੇ ਜਾਂਦੇ ਹਨ।

ਨਾਵਣ ਚਲੇ ਤੀਰਥੀ ਮਨਿ ਖੋਟੇ ਤਨਿ ਚੋਰ।
ਇਕੁ ਭਾਉ ਲਥੀ ਨ੍ਾਤਿਆ ਦੁਇ ਭਾ ਚੜੀਅਸੁ ਹੋਰ।

ਬਸ ਹੰਕਾਰ ਦਾ ਰੰਗ ਭਾਉ ਹੀ ਚਾੜ੍ਹਦੇ ਹਨ ਉਹਨਾਂ ਦਾ ਸੌਰਣਾ ਕੁਝ ਨਹੀਂ । ਗੁਰਮਤਿ ਅਨੁਸਾਰ ਨਾਮ ਰੰਗਾਂ ਵਿਚ ਅਤੇ ਸ਼ਬਦ ਅੱਭਿਆਸ ਉਪਜਾਏ ਪ੍ਰਚੰਡ ਗਿਆਨ ਵਿਚ ਬ੍ਰਿਤੀ ਲਾਉਣਾ ਹੀ ਸਚਾ ਤੀਰਥ ਨਹਾਵਣਾ ਹੈ ਯਥਾ ਗੁਰਵਾਕ:—

ਤੀਰਥ ਨਾਵਣ ਜਾਉ ਤੀਰਥ ਨਾਮੁ ਹੈ।
ਤੀਰਥੁ ਸਬਦ ਬੀਚਾਰੁ ਅੰਤਰ ਗਿਆਨੁ ਹੈ।

ਗੁਰੂ ਰਾਮ ਦਾਸ ਸਰੋਵਰ ਰੂਪੀ ਸਚੇ ਗੁਰਮਤਿ ਤੀਰਥਾਂ ਦਾ ਨ੍ਾਵਣਾ ਗੁਰਮਤਿ ਅੰਦਰ ਏਸੇ ਕਰਕੇ ਹੀ ਪ੍ਰਵਾਨੀਕ ਹੈ ਕਿ ਇਹਨਾਂ ਤੀਰਥਾਂ ਅੰਦਰ ਨਾਮ ਅਭਿਆਸ ਰੂਪੀ ਅਤੇ ਅਖੰਡ ਕੀਰਤਨ ਰੂਪੀ ਪ੍ਰਚੰਡ ਆਤਮ ਕਮਾਈਆਂ ਸਦੀਵ ਕਾਲ ਦਿਨੇ ਰਾਤ ਹੁੰਦੀਆਂ ਹੀ ਰਹਿੰਦੀਆਂ ਹਨ ਅਤੇ ਮੁਢ ਤੋਂ ਹੀ ਇਹਨਾਂ ਗੁਰਮਤ ਤੀਰਥਾਂ ਦੇ ਰਚਣਹਾਰੇ ਸਤਿਗੁਰਾਂ ਨੇ ਅੰਮ੍ਰਿਤ ਨਾਮ ਦੀ ਸਪਰਸਨ ਕਲਾ ਸੁਤੇ ਹੀ ਪ੍ਰਵੇਸ਼ ਕੀਤੀ ਹੋਈ ਹੈ ਜਿਸ ਕਰਕੇ ਗੁਰਮਤਿ ਤੀਰਥਾਂ ਦਾ ਨਹਾਵਣਾ ਸੁਤੇ ਸਿਧ ਹੀ ਪਰਵਾਨ ਹੋ ਜਾਂਦਾ ਹੈ, ਤਾਂ ਹੀ ਤੇ ਇਹ ਗੁਰਵਾਕ ਉਚਾਰਣ ਹੋਏ ਹਨ—

'ਰਾਮਦਾਸਿ ਸਰੋਵਰ ਨਾਤੇ ।
ਸਭ ਲਾਥੇ ਪਾਪ ਕਮਾਤੇ ।'

'ਰਾਮਦਾਸ ਸਰੋਵਰਿ ਨਾਤੇ ।
ਸਭਿ ਉਤਰੇ ਪਾਪ ਕਮਾਤੇ ।'

ਜਿਨ੍ਹਾਂ ਤੋਂ ਸਿਧ ਹੁੰਦਾ ਹੈ ਕਿ ਗੁਰਮਤਿ ਤੀਰਥਾਂ ਦਾ ਨ੍ਾਵਣਾ ਐਨ ਗੁਰਮਤਿ ਅਨੁਸਾਰ ਹੈ ਗੁਰਮਤਿ ਤੀਰਥਾਂ ਦੇ ਇਸ਼ਨਾਨ ਅੰਤਰ ਦੀ ਮੈਲ ਉਤਾਰਦੇ ਹਨ, ਕਮਾਤੇ ਪਾਪਾਂ ਦਾ ਬਿਨਾਸ ਕਰ ਦੇਂਦੇ ਹਨ ਅਨਮਤੀ ਤੀਰਥਾਂ ਵਿਚ ਨਹਾਤਿਆਂ ਹਉਮੈ ਹੀ ਵਧਦੀ ਹੈ ਅਤੇ ਦੁਰਮਤਿ ਮੈਲ ਨਹੀਂ ਉਤਰਦੀ ਤਾਂਹੀ ਤੇ ਭਾਈ ਗੁਰਦਾਸ ਜੀ ਦਾ ਮਹਾਂ-ਵਾਕ ਹੈ—'ਦੁਰਮਤ ਮੈਲੁ ਨਾ ਉਤਰੈ ਕਿਉਂ ਤੀਰਥ ਨ੍ਾਈਐ। ਗੁਰਮਤਿ ਤੀਰਥਾਂ ਤੇ ਇਸ਼ਨਾਨ ਕੀਤਿਆਂ ਇਹ ਦੁਰਮਤਿ ਮੈਲ ਸਾਰੀ ਉਤਰ ਜਾਂਦੀ ਹੈ ਕਿਉਂਕਿ ਇਹਨਾਂ ਗੁਰਮਤਿ ਤੀਰਥੀ ਸਰੋਵਰ ਅਸ-ਥਾਨਾਂ ਵਿਖੇ ਵਾਹਿਗੁਰੂ ਨਾਮ ਦਾ ਕੀਰਤਨ ਸਦਾ ਹੀ ਹੁੰਦਾ ਰਹਿੰਦਾ ਹੈ, ਮਨਮਤੀ ਅਨਮਤੀ ਤੀਰਥਾਂ ਉਤੇ ਸ਼ਾਸਤ੍ਰ ਵੇਦ ਆਦਿਕ ਦੇ ਆਨਮਤੀ ਕਚ ਪਿਚੇ ਫੋਕੇ ਗਿਆਨ ਹੀ ਘੋਖੇ ਜਾਂਦੇ ਹਨ, ਇਹਨਾਂ ਸ਼ਾਸਤ੍ਰ ਵੇਦਾਂ ਵਿਖੇ ਕੇਵਲ ਕਰਮਾਂ ਅਕਰਮਾਂ ਰੂਪੀ ਪਾਪ ਪੁੰਨ ਦੀ ਫੋਕੀ ਵਿਚਾਰ ਹੀ ਹੁੰਦੀ ਹੈ ਇਸ ਫੋਕੀ ਵਿਚਾਰ ਦੇ ਵੀਚਾਰਿਆਂ ਮੁੜ ਨਰਕਾਂ ਸੁਰਗਾਂ ਵਿਚ ਹੀ ਉਤਰੀਦਾ ਹੈ ਤਾਂ ਤੇ ਇਸ ਗੁਰਵਾਕ ਵਿਖੇ ਖੰਡਨ ਵੇਦਾਂ ਸ਼ਾਸਤ੍ਰਾਂ ਦਾ ਹੈ, ਗੁਰਮਤਿ ਗ੍ਰਿਸਤ ਧਰਮ ਇਸ ਕਰਕੇ ਹੀ ਸ਼ੋਭਨੀਕ ਹੈ ਕਿ ਇਸ ਗੁਰਮਤਿ ਧਰਮ ਦੇ ਧਾਰਨ ਕੀਤਿਆਂ ਸਦਾ ਸਦਾ ਆਤਮਕ ਚੜ੍ਹਦੀ ਕਲਾ ਹੀ ਰਹਿੰਦੀ ਹੈ । ਆਨ-ਮਤੀਆਂ ਦੇ ਰਸਾਏ ਗ੍ਰਿਸਤ ਧਰਮ ਧਾਰਨ ਕੀਤਿਆਂ



www.AKJ.Org

ਚਿੰਤਾ ਤੇ ਨਿਖੜੰਮੀ ਉਦਾਸੀਨਤਾ ਅਤੇ ਹੰਕਾਰ ਹੀ ਵਧਦਾ ਹੈ, ਅਨਮਤੀ ਧਰਮਾਂ ਦੇ ਨਿਰੂਪਨ ਕੀਤੇ ਕਰਮ ਨਿਰੇ ਚੁਰਾਸੀ ਦੇ ਗੇੜ ਵਾਲੇ ਹਨ, ਇਹਨਾਂ ਆਨਮਤੀ ਫੋਕੇ ਕਰਮਾਂ ਦੇ ਆਸਰੇ ਰਹਿਣ ਨਾਲ ਜੀਵ ਆਤਮਾਂ ਨੂੰ ਬੰਧਨ ਹੀ ਪਏ ਰਹਿੰਦੇ ਹਨ ਅਤੇ ਜੰਜਾਲਾਂ ਵਿਚ ਹੀ ਜੀਵ ਆਤਮਾ ਜਕੜਿਆ ਰਹਿੰਦਾ ਹੈ, ਗੁਰਮਤਿ ਕਰਮ ਧਰਮ ਕੀਤਿਆਂ ਸਗੋਂ ਰੰਗ ਰਸ ਆਉਂਦਾ ਹੈ, ਗੁਰੂ ਨਾਨਕ ਦੇਵ ਜੀ ਦੇ ਵਰੋਸਾਏ ਗੁਰਮੁਖ ਜਨ ਗੁਰਮਤਿ ਦੇ ਆਸਰੇ ਸੁਤੇ ਸੁਖੈਨ ਹੀ ਇਸ ਮਾਇਆ ਰੂਪੀ ਸਾਗਰ ਨੂੰ ਤਰ ਜਾਂਦੇ ਹਨ, ਇਹ ਕੇਵਲ ਗੁਰੂ ਘਰ ਦੀ ਸਾਧ ਸੰਗਤ ਹੀ ਹੈ ਜਿਥੇ ਨਿਤਾ ਪ੍ਰਤਿ ਹਰ ਕੀਰਤਨ ਦੀ ਦਾਤ ਪ੍ਰਾਪਤ ਹੈ, ਤਾ ਤੇ ਐਸਾ ਸਤਿਸੰਗ ਅਸਥਾਨ ਕੇਵਲ ਗੁਰੂ ਸਾਹਿਬ ਦੀ ਕ੍ਰਿਪਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ ਇਸ ਕਰਕੇ ਹੀ ਗੁਰਮਤਿ ਧਰਮ ਸਭ ਆਨਮਤਾਂ ਤੋਂ ਸ੍ਰੇਸ਼ਟ ਧਰਮ ਹੈ।

'ਬੇਦ ਕਤੇਬ ਸੰਸਾਰ ਹਭਾਹੂ ਬਾਹਰਾ
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ।'

ਬੇਦ ਹਿੰਦੂ ਮਤ ਦੇ ਧਾਰਮਕ ਪੁਸਤਕ, ਕਤੇਬ ਆਦਿਕ ਯਵਨ ਮਤ ਦੇ ਧਾਰਮਕ ਪੁਸਤਕ ਇਹ ਸਭ ਤ੍ਰੈ ਗੁਣ ਅੰਦਰ ਹੀ ਹਨ, ਇਹ ਸੰਸਾਰਾਕਾਰ ਸੰਸਕਾਰਾਂ ਨਾਲ ਭਰੇ ਪਏ ਹਨ, ਕੇਵਲ ਇਕੋ ਨਿਰੰਕਾਰ ਵਾਹਿਗੁਰੂ ਨੂੰ ਪ੍ਰਤੀਪਾਦਨਹਾਰਾ ਕੇਵਲ ਗੁਰਮਤਿ ਮਤ ਹੀ ਹੈ। ਗੁਰੂ ਨਾਨਕ ਦੇ ਘਰ ਵਿਚ ਭਾਵ ਗੁਰਮਤਿ ਅੰਦਰ ਹੀ ਵਰਤ ਕੇ ਤ੍ਰੈਗੁਣ ਅਤੀਤ ਵਾਹਿਗੁਰੂ ਸਚੇ ਪਾਤਸ਼ਾਹ ਨੂੰ ਤੁਰੀਆ ਗੁਣੀ ਸਰੂਪ ਵਿਚ ਹੀ ਪਾ ਸਕੀਦਾ ਹੈ; ਇਹ ਤੁਰੀਆ ਗੁਣੀ ਸਰੂਪ ਵਾਲਾ ਨਿਰੰਕਾਰ ਤ੍ਰੈਗੁਣੀ ਬੇਦਾਂ ਕਤੇਬਾਂ ਆਦਿ ਸੰਸਾਰੀ ਬਿਵਸਥਾ ਤੋਂ ਅਗਮ ਅਗੋਚਰਾ (ਬਾਹਿਰਾ) ਹੈ। ਗੁਰਮਤਿ ਮਤਿ ਅਤੇ ਆਨਮਤ ਮਤਾਂ ਵਿਚ ਇਹੋ ਫ਼ਰਕ ਹੈ ਕਿ ਜਿਤਨੇ ਭੀ ਆਨਮਤੀ ਮਤ ਹਨ ਇਹ ਸਭ ਤ੍ਰੈਗੁਣ ਅੰਦਰ ਵਰਤਦੇ ਹਨ, ਗੁਰਮਤਿ ਮਤਿ ਦੀ ਵਿਲਖਣਤਾ ਏਹੀ ਹੈ ਕਿ ਇਹ ਇਹਨਾਂ ਤ੍ਰੈਗੁਣਾਂ ਤੋਂ ਅਪਰੰਪਰ ਤੁਰੀਆ ਗੁਣੀ ਅਦ੍ਰਿਸ਼ਟ ਗੁਣਾਂ ਨੂੰ ਦਰਸਾਉਂਦਾ ਹੈ। ਵਾਹਿਗੁਰੂ ਸਚਾ ਪਾਤਸ਼ਾਹ ਤੁਰੀਆ ਗੁਣੀ ਹੋਣ ਕਰ ਕੇ ਅਦ੍ਰਿਸ਼ਟ ਹੈ, ਸਭ ਸੰਸਾਰ ਅਤੇ ਸੰਸਾਰਕ ਧਾਰਮਕ ਪੁਸਤਕ ਬੇਦ ਕਤੇਬ ਆਦਿਕ ਸਾਰੇ ਤ੍ਰੈ ਗੁਣਾਂ ਵਿਚ ਹੀ ਵਰਤ ਰਹੇ ਹਨ, ਇਸ ਤੋਂ ਉਪਰ ਉਠ ਹੀ ਨਹੀਂ ਸਕਦੇ, ਗੁਰਮਤ ਤਤ ਪ੍ਰਮਾਰਥ ਨੂੰ ਦਰਸਾ ਹੀ ਨਹੀਂ ਸਕਦੇ, ਅਗਮ ਅਗੋਚਰ ਅਦ੍ਰਿਸ਼ਟ ਵਾਹਿਗੁਰੂ ਨੂੰ ਦਰਸਾਉਣ ਹਾਰਾ ਕੇਵਲ ਤਤ ਪ੍ਰਮਾਰਥੀ ਗੁਰਮਤਿ ਮਤ ਹੀ ਹੈ। ਇਸ ਤੋਂ ਅਗਲੇਰਾ ਗੁਰਵਾਕ ਸਾਫ਼ ਤੌਰ ਤੇ ਪ੍ਰਤੀਪਾਦਨ ਕਰਦਾ ਹੈ ਕਿ ਗੁਰਮਤਿ ਹੀਣੇ ਆਨਮਤ ਭਗਤੀ ਦੇ ਭਗਤ ਜਨ ਗੁਰਮਤਿ ਪ੍ਰਮਾਰਥ ਦੇ ਭਗਤ ਜਨਾਂ ਦੇ ਤੁਲ ਨਹੀਂ ਪੁਜ ਸਕਦੇ।

ਗੁਰਮਤ ਹੀਣੇ ਗੁਰਮੰਤ੍ਰ ਹੀਣਸ ਨਿਗੋਸਾਏ ਗੁਰਦੀਖਿਆ ਤੋਂ ਬਾਹਿਰੇ ਲਖਾਂ ਹੀ ਭਗਤ ਜਨ ਆਪਣੀ ਮਤ ਅਨੁਸਾਰ ਆਪ ਹੁਦਰੇ ਹੀ ਅਦ੍ਰਿਸ਼ਟ ਵਾਹਿਗੁਰੂ ਨੂੰ ਅਰਾਧਦੇ ਫਿਰਦੇ ਹਨ ਅਤੇ ਅਨਮਤ ਦੀ ਸਿਖਸ਼ਾ ਅਨੁਸਾਰ ਪੀਉ ਪੀਉ (ਹੇ ਪਿਆਰੇ, ਹੇ ਪਿਆਰੇ) ਆਖ ਕੇ ਜਪਦੇ ਫਿਰਦੇ ਹਨ, ਪਰ ਇਨ੍ਹਾਂ ਨਿਰਗੁਣ ਗੁਰਮਤ ਹੀਣੇ ਜੀਵਾਂ ਦਾ ਵਾਹਿਗੁਰੂ ਨਾਲ ਮਿਲਾਪ ਕਿਸੇ ਜੁਗਤੀ ਨਾਲ ਭੀ ਨਹੀਂ ਹੋ ਸਕਦਾ, ਹੋ ਸਕਦਾ ਹੈ ਤਾਂ ਗੁਰਮਤਿ ਦਰਸਾਈ ਸਚੀ ਜੁਗਤੀ ਨਾਲ ਹੋ ਸਕਦਾ ਹੈ, ਇਹ ਸਚੀ ਗੁਰਮਤਿ ਸਚਾਈ ਵਾਈ ਟੇਕ ਲੈਣੀ ਕੇਵਲ ਗੁਰਮਤਿ ਦੀ ਪ੍ਰਮਾਰਥ ਜੁਗਤੀ ਹੀ ਦਰਸਾਉਂਦੀ ਹੈ; ਗੋਬਿੰਦ ਗੁਪਾਲ ਦਿਆਲ (ਵਾਹਿਗੁਰੂ) ਦਾ ਅਦ੍ਰਿਸ਼ਟ (ਤੁਰੀਆ ਗੁਣੀ) ਸਰੂਪ ਕੇਵਲ ਇਕੋ ਗੁਰਮਤਿ ਦਰਸਾਇਣੀ ਜੁਗਤੀ ਨਾਲ ਪ੍ਰਗਟ ਹੋ ਸਕਦਾ ਹੈ, ਰਚਨਹਾਰ (ਸਿਰਜਨਹਾਰ) ਵਾਹਿਗੁਰੂ ਹੀ ਸਾਰੀ ਸ੍ਰਿਸ਼ਟੀ ਦਾ ਨਾਥ ਹੈ ਹੋਰ ਸਭ ਸ੍ਰਿਸ਼ਟੀ ਨਾਥ ਵਾਹਿਗੁਰੂ ਦੀ ਰਚੀ ਹੋਈ ਸ੍ਰਿਸ਼ਟੀ ਅਪਣੀ ਮਨ ਮੰਨੀ ਜੁਗਤੀ ਨਾਲ ਕਿਸ ਬਿਧ ਮਿਲ ਸਕਦੀ ਹੈ, ਵਾਹਿਗੁਰੂ ਆਪ ਹੀ ਮਿਲਾਵੇ ਤਾਂ ਮਿਲਾਵੇ, ਇਸ ਸਚੇ ਮਿਲਾਪ ਦਾ ਵਸੀਲਾ ਵਾਹਿਗੁਰੂ ਅਕਾਲ ਪੁਰਖ ਨੇ ਗੁਰੂ ਨਾਨਕ ਨਿਰੰਕਾਰੀ ਨੂੰ ਥਾਪ ਕੇ ਇਸ ਸੰਸਾਰ ਵਿਖੇ ਭੇਜਿਆ ਤਦੇ ਸੀ ਇਸ ਸੰਸਾਰ ਦੀ ਸਦਗਤੀ ਹੋਈ, ਗੁਰੂ ਸਾਹਿਬ ਗੁਰੂ ਨਾਨਕ ਤੋਂ



www.AKJ.Org

ਸਚੜੀ ਨਿਰੰਕਾਰੀ ਮਤ (ਗੁਰਮਤਿ) ਲੈ ਕੇ ਗੁਰੂ ਨਾਨਕ ਸਾਹਿਬ ਦੇ ਮਤ ਦੇ ਅਨੁਸਾਰੀ ਨਿਰੰਕਾਰੀ ਸੰਤ ਜਨ ਗੁਰਦੀਖਿਆ ਤੋਂ ਦੀਖਤ ਹੋ ਕੇ ਹੀ ਅਦ੍ਰਿਸ਼ਟ ਤ੍ਰਿਆ ਗੁਣੀ ਵਾਹਿਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਵੇਖ ਸਕਦੇ ਹਨ, ਹੋਰ ਜਿਤਨੇ ਭੀ ਸੰਸਾਰੀ ਜਨ ਇਸ ਨਿਰੰਕਾਰੀ ਗੁਰਮਤਿ ਦੀਖਿਆ ਮਈ ਮਤਿ ਤੋਂ ਹੀਣੇ ਅਤੇ ਨਾਮ ਬਿਹੂਨੜੇ ਹਨ ਸੋ ਸਾਰੇ ਵਸੂਰ ਵਸੂਰਕੇ ਮਰਨਗੇ, ਉਹਨਾਂ ਦਾ ਆਪ ਹੁਦਰੋਂ ਆਪਣੀ ਮਤ ਹੁਦਰੋਂ ਕੀਤਾ ਹੋਇਆ ਪੀਉ ਪੀਉ ਐਵੇਂ ਬਿਰਥਾ ਹੀ ਜਾਵੇਗਾ, ਪਪ ਪਪ ਹੀ ਰਹਿ ਜਾਇਗਾ, ਕਿਉਂਕਿ ਸਚਾ ਗੁਰਦੀਖਿਆ ਮਈ ਸੇਵਕ ਭਾਵ ਸਿਮਰਨ ਮਈ ਸ਼ਕਤੀ ਵਾਲਾ ਭਾਵ, ਕੇਵਲ ਗੁਰਮਤਿ ਦੁਆਰੇ ਹੀ ਦ੍ਰਸ਼ਟਾਇਆ ਜਾ ਸਕਦਾ ਹੈ ਗੁਰੂ ਨਾਨਕ ਸਾਹਿਬ ਨੂੰ ਹੀ ਇਹ ਦਾਸ ਦਸੰਤਣੀ ਭਾਵ ਵਾਲੀ ਸੇਵਕ ਪਦਵੀ ਗਰੀਬੀ (ਸਚੀ ਗਰੀਬੀ) ਦਰਗਾਹੋਂ ਸਚਖੰਡ ਤੋਂ ਮਿਲੀ ਤੇ ਇਹੋ ਦਾਸ ਦਸਾਨਣੀ ਭਾਵ ਵਾਲੀ ਸਪਿਰਟ ਗੁਰੂ ਨਾਨਕ ਨਿਰੰਕਾਰੀ ਦੇ ਸੇਵਕਾਂ ਸਿਖਾਂ ਨੂੰ ਗੁਰੂ ਨਾਨਕ ਸਾਹਿਬ ਦੇ ਦਰਬਾਰ ਤੋਂ ਪ੍ਰਾਪਤ ਹੋਈ ਇਹਨਾਂ ਗੁਰੂ ਨਾਨਕ ਨਿਰੰਕਾਰੀ ਗੁਰਮਤਿ ਅਨੁਸਾਰੀ ਸੇਵਕਾਂ ਸਿਖਾਂ ਦਾ ਆਵਾਗੌਣ ਹੀ ਗੁਰ ਪ੍ਰਤਾਪ ਕਰ ਮਿਟਿਆ ਹੈ, ਜਿਨ੍ਹਾਂ ਅਭਾਗੇ ਪੁਰਸ਼ਾਂ ਨੇ ਗੁਰੂ ਨਾਨਕ ਨਿਰੰਕਾਰੀ ਦੇ ਦਰਬਾਰੋਂ ਪ੍ਰਾਪਤ ਹੋਈ ਗੁਰਮਤਿ ਨਾਮ ਮਈ ਦੀਖਿਆ ਨੂੰ ਵਿਸਾਰਿਆ ਹੈ, ਪਤਾ ਨਹੀਂ ਤਿਨ੍ਹਾਂ ਦਾ ਕੀ ਹਾਲ ਹੋਵੇਗਾ ਭਾਵ ਬੁਰਾ ਹੀ ਹਾਲ ਹੋਵੇਗਾ । ਇਹ ਸਾਰੇ ਸੰਸਾਰੀ ਲੋਕ ਗੁਰਮਤਿ ਮਤ ਵਾਲੀ ਗੁਰਦੀਖਿਆ ਤੋਂ ਹੀਣੇ ਹੋਣ ਕਰ ਹਰਿਆਏ ਪਸੂ ਦੀ ਨਿਆਈਂ ਹੀ ਫਿਰਨਗੇ ਇਹਨਾਂ ਦਾ ਥਾਂਗੀ ਹੀ ਕੋਈ ਨਹੀਂ ਬਣੇਗਾ । 'ਕਬੀਰ ਨਿਗੋਸਾਏ ਬਹਿ ਗਏ ਥਾਂਗੀ ਨਾਹੀ ਕੋਇ ।'

ਗੁਰੂ ਨਾਨਕ ਸਾਹਿਬ ਹੀ ਇਹਨਾਂ ਆੜਫਾਥੇ ਜੀਵਾਂ ਦੇ ਬੰਧਨ ਕਾਟਨਹਾਰੇ ਹਨ ਅਤੇ ਉਹ ਹੀ ਆਪਣੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਦੁਨੀਆਂਦਾਰਾਂ ਨੂੰ ਵਾਹਿਗੁਰੂ ਨਾਲ ਮਿਲਾਵਣਹਾਰੇ ਹਨ। ਇਹ ਸਾਰੀ ਵਿਚਾਰ ਹੇਠ ਲਿਖੇ ਸ਼ਬਦ ਦੀ ਵਿਆਖਿਆ ਹੈ :—

ਆਸਾ ਮਹਲਾ ੫ ॥

ਲਾਖ ਭਗਤ ਆਰਾਧਹਿ ਜਪਤੇ ਪੀਉ ਪੀਉ ।
ਕਵਨ ਜੁਗਤਿ ਮੇਲਾਵਉ ਨਿਰਗੁਣ ਬਿਖਈ ਜੀਉ ।
ਤੇਰੀ ਟੇਕ ਗੋਵਿੰਦ ਗੁਪਾਲ ਦਇਆਲ ਪ੍ਰਭ ।
ਤੂੰ ਸਭਨਾਂ ਕੇ ਨਾਥ ਤੇਰੀ ਸ੍ਰਿਸਟ ਸਭ ।੧। ਰਹਾਉ ।
ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ ।
ਨਾਮ ਬਿਹੂਨੜਿਆ ਸੇ ਮਰਨਿ ਵਿਸੂਰਿ ਵਿਸੂਰਿ ।
ਦਾਸ ਦਾਸਤਣ ਭਾਇ ਮਿਟਿਆ ਤਿਨ੍ਹਾਂ ਗਉਣੁ ।
ਵਿਸਰਿਆ ਜਿਨ੍ਹਾ ਨਾਮ ਤਿਨਾੜਾ ਹਾਲੁ ਕਉਣੁ ।
ਜੈਸੇ ਪਸੁ ਹਰਿਆਉ ਤੈਸਾ ਸੰਸਾਰੁ ਸਭੁ ।
ਨਾਨਕ ਬੰਧਨ ਕਾਟਿ ਮਿਲਾਵਹੁ ਆਪ ਪ੍ਰਭ ।

ਅਰਥ ਉਤੇ ਹੋ ਚੁਕੇ ਹਨ ।

ਉਠਉ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ । ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤ ਕੁਮਾਰ ਤਿਨ ਕਉ ਮਹਲੁ ਦੁਲਭਾਵਉ । ੨ । ਅਗਮ ਅਗਮ ਅਗਾਧ ਬੋਧ ਕੀਮਤਿ ਪਰੈ ਨ ਪਾਵਉ । ਤਾਕੀ ਸਰਣਿ ਸਤਿ ਪੁਰਖ ਕੀ ਸਤਿਗੁਰੁ ਪੁਰਖੁ ਧਿਆਵਉ । ਭਇਓ ਕ੍ਰਿਪਾਲੁ ਦਇਆਲ ਪ੍ਰਭੁ ਠਾਕੁਰ ਕਾਟਿਓ ਬੰਧ ਗਰਾਵਉ । ਕਹੁ ਨਾਨਕ ਜਉ ਸਾਧ ਸੰਗ ਪਾਇਓ ਤਉ ਫਿਰਿ ਜਨਮਿ ਨ ਆਵਉ ।

ਜੋ ਜਨ ਗੁਰਮਤਿ ਦੇ ਸਚੇ ਖੋਜੀ ਹਨ ਤਿਨ੍ਹਾਂ ਵਡਭਾਗੇ ਜਨਾਂ ਨੂੰ ਗੁਰੂਦੁਆਰਿਓਂ ਗੁਰਦੀਖਆ ਪ੍ਰਾਪਤ ਕਰਕੇ ਉਹਨਾਂ ਨੂੰ ਗੁਰਮਤਿ ਨਾਮ ਐਸਾ ਦ੍ਰਿੜ ਹੋ ਜਾਂਦਾ ਹੈ ਕਿ ਉਹ ਉਠਦੇ ਬਹਿੰਦੇ ਇਕ ਖਿਨ ਭੀ ਵਾਹਿਗੁਰੂ ਨਾਮ ਨੂੰ ਨਹੀਂ ਵਿਸਾਰਦੇ, ਵਾਹਿਗੁਰੂ ਨਾਮ ਦੇ ਜਾਪ ਅਭਿਆਸ ਬਿਨਾਂ ਰਹਿ ਹੀ ਨਹੀਂ ਸਕਦੇ, ਉਹਨਾਂ ਨੂੰ ਇਸ ਗੁਰਮਤਿ ਨਾਮ ਦੇ ਅਤੁਟ ਅਭਿਆਸ ਦੁਆਰਾ ਓੜਕ ਵਾਹਿਗੁਰੂ ਦਾ ਦਰਸ਼ਨ ਪ੍ਰਾਪਤ ਹੋ ਜਾਂਦਾ ਹੈ, ਗੁਰਮੁਖ ਦੀਖਿਆ ਹੀਣੇ ਹੋਣ ਕਰ ਬ੍ਰਹਮਾਦਿਕ, ਸਨਕਾਦਕ, ਸਨਕ, ਸਨੰਦਨ, ਸਨਾਤਨ, ਸਨਤ, ਕੁਮਾਰ, ਤਿਨ੍ਹਾਂ ਸਾਰਿਆਂ ਨੂੰ ਵਾਹਿਗੁਰੂ ਦਾ ਮਹਿਲ ਅਤੀ ਅਗਮ ਅਗਮ ਤੇ*



www.AKJ.Org

## ਸੰਤਹੁ ਇਹਾ ਬਤਾਵਹੁ ਕਾਰੀ ।
## ਜਿਤੁ ਹਉਮੈ ਗਰਬੁ ਨਿਵਾਰੀ ।

§
§
§
§

ਵਲੋਂ :
ਪ੍ਰਿੰਸੀਪਲ ਮੋਹਰ ਸਿੰਘ ਜੀ, ਡੇਹਰਾਦੂਨ

*

ਮਨੁਖ ਦੀ ਅਕਲ ਨੇ ਉਸ ਦੀ ਹਰ ਇਕ ਕੰਮ ਕਰਨ ਦੀ ਸ਼ਕਤੀ ਦੇ ਨਾਲ ਮਿਲ ਕੇ ਮਨੁਖ ਦੇ ਅੰਦਰੋ ਅੰਦਰ ਹੀ ਇਕ ਐਸੀ ਅਸੀਮ ਖੁਸ਼ੀ ਦੀ ਲਹਿਰ ਚਲਾ ਦਿਤੀ ਜਿਸ ਦੇ ਬਲ ਨਾਲ ਉਹ ਫੁਲਿਆ ਨਹੀਂ ਸਮਾਉਂਦਾ । ਕਾਦਰ ਦੀ ਕੁਦਰਤ ਤੇ ਹਾਵੀ ਹੋਣ ਤੇ ਉਸ ਤੋਂ ਵਧ ਤੋਂ ਵਧ ਲਾਭ ਉਠਾਣ ਕਰਕੇ ਇਸ ਨੂੰ 'ਅਸ਼ਰਫੁਲਮਖਲੂਕਾਤ' (ਕਾਦਰ ਦੀ ਸ੍ਰੇਸ਼ਟਤਮ ਰਚਨਾ) ਦਾ ਨਾਉਂ ਮਿਲਿਆ ਤੇ ਹੈ ਭੀ ਯੋਗ ਇਹੋ ਹੀ । ਕਿਉਂ ਜੋ ਇਸ ਦੇ ਦਿਮਾਗ ਨੇ ਕਾਦਰ ਦੀ ਰਚਨਾ ਨੂੰ ਸਮਝ ਕੇ ਆਪਣੇ ਸਾਥੀਆਂ ਲਈ ਤੇ ਹੋਰ ਜੀਵ ਜੰਤਾਂ ਲਈ ਆਸਾਨੀ ਪੈਦਾ ਕੀਤੀ । ਮਨੁਖੀ ਇਤਿਹਾਸ ਗਵਾਹ ਹੈ ਤੇ ਨਾਲ ਹੀ ਨਾਲ ਪੁਰਾਣਕ ਕਥਾਵਾਂ ਵੀ ਇਹੋ ਹੀ ਦਸਦੀਆਂ ਹਨ ਕਿ ਹੌਲੀ ਹੌਲੀ ਇਸ ਵਿਚ ਸਭ ਜੀਵ ਜੰਤਾਂ ਤੋਂ ਉਚਾ ਤੇ ਬਲੀ ਹੋਣ ਦੀ ਆਕੜ ਪੈਦਾ ਹੋ ਗਈ, ਇਹ ਆਕੜ ਯਾ ਅਹੰਕਾਰ (ਹਉਮੈ) ਉਹ ਹਉਮੈ ਹੀ ਸੀ ਜਿਹੜਾ ਕਿ ਉਹਨਾਂ ਪੰਜਾਂ ਚੋਰਾਂ ਵਿਚੋਂ ਇਕ ਮਹਾਂਬਲੀ ਤੇ ਸ਼ਕਤੀਸ਼ਾਲੀ ਚੋਰ ਸੀ । ਆਪਣੇ ਮਨੁਖ ਦੀ ਸਾਰੀ ਜ਼ਿੰਦਗੀ ਇਹਨਾਂ ਪੰਜਾਂ ਚੋਰਾਂ ਦੇ ਅਧੀਨ ਰਹਿ ਕੇ ਗੁਜ਼ਰਦੀ ਹੈ । ਆਪਣੀ ਥਾਂ ਤੇ ਇਹ ਪੰਜੇ ਚੋਰ ਮਨੁਖ ਨੂੰ ਜੀਵਨ ਭਰ ਸੁਖ ਦਾ ਸਾਹ ਨਹੀਂ ਲੈਣ ਦੇਂਦੇ, ਪਰ ਹਉਮੈ ਤਾਂ ਇਸ ਨੂੰ ਸਭ ਨਾਲੋਂ ਜ਼ਿਆਦਾ ਤੰਗ ਕਰਦਾ ਹੈ । ਜ਼ਿੰਦਗੀ ਵਿਚ ਕਦਮ ਕਦਮ ਤੇ ਇਸ ਨੂੰ ਠੋਕਰਾਂ ਮਾਰਦਾ ਹੈ । ਇਸ ਦੇ ਸਾਰੇ ਸ਼ੁਭ ਗੁਣਾਂ ਨੂੰ ਮਲੀਆ-ਮੇਟ ਕਰਕੇ ਇਸ ਨੂੰ ਸੰਸਾਰ ਵਿਚ ਗਲੀਆਂ ਦੇ ਕੱਖਾਂ ਤੋਂ ਵੀ ਹੌਲਾ ਕਰ ਦੇਂਦਾ ਹੈ । ਜਦੋਂ ਕਦੀ ਵੀ ਮਨੁਖ ਪਰਉਪਕਾਰ, ਸੇਵਾ, ਹਮਦਰਦੀ, ਸਤਿਸੰਗ, ਉਪਦੇਸ਼ ਯਾ ਹੋਰ ਕੋਈ ਸ਼ੁਭ ਕੰਮ ਕਰੇ । ਇਹ ਆ ਹਾਜ਼ਰ ਹੁੰਦਾ ਹੈ ਤੇ ਮਨੁਖ ਨੂੰ ਗੁਬਾਰੇ ਵਾਲੀ ਫੂਕ ਦੇ ਕੇ ਐਸਾ ਉਲੂ ਬਣਾਉਂਦਾ ਹੈ ਕਿ ਮਨੁਖ ਆਪਣੇ ਸ਼ੁਭ ਗੁਣਾਂ ਦੇ ਫਲ ਤੋਂ ਖਾਲੀ ਰਹਿ ਜਾਂਦਾ ਹੈ ਤੇ ਉਲਟਾ ਸਜ਼ਾ ਦਾ ਭਾਗੀ ਬਣ ਜਾਂਦਾ ਹੈ । ਮਨੁਖੀ ਜੀਵਨ ਤੋਂ ਐਸਾ ਮਾਲੂਮ ਹੁੰਦਾ ਹੈ ਕਿ ਪੈਦਾਇਸ਼ ਵੇਲੇ ਹੀ ਜਿਵੇਂ ਇਸ ਦੇ ਕੰਨ ਵਿਚ ਮਾਇਆ ਨੇ ਫੂਕ ਦਿਤਾ ਹੋਵੇ ਕਿ ਹੇ ਮਨੁਖ, ਦੇਖ, ਜੋ ਕੁਝ ਦੁਨੀਆਂ ਤੇ ਤੂੰ ਹੈਂ ਹੋਰ ਕੋਈ ਨਹੀਂ ।'

ਪੁਰਾਤਨ ਕਥਾਵਾਂ ਤੋਂ ਪਤਾ ਚਲਦਾ ਹੈ ਕਿ ਵਡੇ ਵਡੇ ਪਹੁੰਚੇ ਹੋਇ ਰਿਸ਼ੀਆਂ ਨੇ ਵੀ ਹਉਮੈ ਵਿਚ ਆ ਕੇ ਕਈਆਂ ਨੂੰ ਅਪਣੇ ਸਰਾਪਾਂ ਨਾਲ ਭਸਮ ਕੀਤਾ । ਆਪੋ ਵਿਚ ਇਕ ਦੂਜੇ ਨੂੰ ਹਉਮੈ ਦੀ ਹੋੜ ਵਿਚ ਨੀਚਾ ਦਿਖਾਉਣ ਦੇ ਕਈ ਉਪਰਾਲੇ ਕੀਤੇ । ਮਨੁਖ (ਸਾਧਾਰਨ ਗ੍ਰਹਸਥੀ) ਦੀ ਤਾਂ ਗਲ ਹੀ ਕੀ ਹੈ । ਵਾਹਿਗੁਰੂ ਦੇ ਪੈਦਾ ਕੀਤੇ ਹੋਇ ਜੀਵਧਾਰੀ ਇਕੋ ਇਕ ਹੀ ਰੋਗ ਕਰਕੇ ਨਸ਼ਟ ਹੋ ਜਾਂਦੇ ਹਨ ਪਰ ਮਨੁਖ

---

*ਅਗਾਧ ਬੋਧ ਹੈ, ਇਸ ਦੀ ਕੀਮਤ ਮਨ ਮਤਸਰੀ ਦੁਆਰਾ ਪਾਈ ਨਹੀਂ ਜਾ ਸਕਦੀ ਜਿਨ੍ਹਾਂ ਨੇ ਮਨ ਬਚਨ ਕਰਮ ਕਰਕੇ ਵਾਹਿਗੁਰੂ ਸਤਿਪੁਰਖ ਦੀ ਸਰਣ ਤਾਕੀ ਹੈ ਤਿਨ੍ਹਾਂ ਨੂੰ ਗੁਰੂ ਦੁਵਾਰਿਉਂ ਗੁਰ ਦੀਖਿਆ ਪ੍ਰਾਪਤ ਹੋਈ ਹੈ ਤਿਨ੍ਹਾਂ ਨੇ ਹੀ ਵਾਸਤਵ ਵਿਚ ਸਤਿਗੁਰੂ ਸਰੂਪ ਵਾਹਿਗੁਰੂ ਅਕਾਲ ਪੁਰਖ ਸਚ ਧਿਆਵਣਾ ਧਿਆਇਆ ਹੈ ਤਿਨ੍ਹਾਂ ਉਤੇ ਹੀ ਪ੍ਰਭੂ ਠਾਕਰ (ਵਾਹਿਗੁਰੂ) ਕ੍ਰਿਪਾਲ ਦਿਆਲ ਹੋਇਆ ਹੈ ਤਿਨ੍ਹਾਂ ਦਾ ਹੀ ਚੋਰਾਸੀ ਦੀਆਂ ਜੂਨਾਂ ਵਿਚ ਗ੍ਰਸੇ ਜਾਨ ਵਾਲਾ ਬੰਧਨ ਕਟਿਆ ਗਿਆ ਹੈ, ਗੁਰੂ ਨਾਨਕ ਸਾਹਿਬ ਦੇ ਘਰ ਦੀ ਸਾਧ ਸੰਗਤ ਤਿਨ੍ਹਾਂ ਨੂੰ ਪ੍ਰਾਪਤ ਹੋਈ ਹੈ, ਤਾਹੀ ਤਾਂ ਉਹ ਫਿਰ ਜਨਮ ਮਰਨ ਦੀ ਫਾਂਸੀ ਵਿਚ ਨਹੀਂ ਆਉਂਦੇ । (ਚਲਦਾ)



www.AKJ.Org

ਜਿਹੜਾ ਕਿ ਪੰਜਾਂ ਰੋਗਾਂ ਵਿਚ ਜਕੜਿਆ ਹੋਇਆ ਹੈ ਉਸ ਦੇ ਬਚਨ ਦੀ ਆਸ ਕਿਥੋਂ ਤਕ ਕੀਤੀ ਜਾ ਸਕਦੀ ਹੈ ?

'ਰਾਜ ਮ੍ਰਿਗ, ਮੀਨ, ਪਤੰਗ, ਅਲਿ, ਇਕਤੁ
ਇਕਤੁ ਰੋਗਿ ਪਚੰਦੇ । ਮਾਣਸ ਦੇਹੀ ਪੰਜਿ ਰੋਗ,
ਪੰਜੇ ਦੂਤ ਕਸੂਤ ਕਰੰਦੇ ।' (ਵਾਰ ੫, ਪਉੜੀ ੨੦)

ਮਨੁਖੀ ਜੀਵਨ ਦਾ ਨਕਸ਼ਾ ਹਉਮੈ ਦੇ ਪਰਦੇ ਵਿਚ ਇਸ ਪ੍ਰਕਾਰ ਖਿਚਿਆ ਹੈ। ਆਸਾ ਦੀ ਵਾਰ ਵਿਚ ਸਾਹਿਬਾਨ ਨੇ ਫੁਰਮਾਇਆ ਹੈ—

'ਹਉ ਵਿਚਿ ਆਇਆ, ਹਉ ਵਿਚਿ ਗਇਆ ।
ਹਉ ਵਿਚਿ ਜੰਮਿਆ, ਹਉ ਵਿਚਿ ਮੁਆ ।
... ... ... ...
ਹਉ ਵਿਚਿ ਮੂਰਖੁ, ਹਉ ਵਿਚਿ ਸਿਆਣਾ
ਮੋਖ ਮੁਕਤਿ ਕੀ ਸਾਰ ਨ ਜਾਣਾ
ਹਉ ਵਿਚਿ ਮਾਇਆ, ਹਉ ਵਿਚਿ ਛਾਇਆ
ਹਉਮੈ ਕਰਿ ਕਰਿ ਜੰਤ ਉਪਾਇਆ ।

ਭਾਵ ਇਹ ਹੈ ਕਿ ਮਨੁਖ ਅਪਣੇ ਜਨਮ ਵਿਚ ਹਰ ਪ੍ਰਕਾਰ ਦੇ ਕੰਮ ਹਉਮੈ ਅੰਦਰ ਹੀ ਕਰਦਾ ਹੈ ਪਰ ਇਸ ਹਉਮੈਂ ਨੂੰ ਬੁਝਦਾ ਨਹੀਂ ਤੇ ਪਰਮਾਤਮਾ ਦੇ ਮੇਲ ਦੀ ਸੋਝੀ ਇਸ ਨੂੰ ਨਹੀਂ ਹੁੰਦੀ। ਸੋ 'ਮਾਨੁਖੁ ਬਿਨੁ ਬੂਝੇ ਬਿਰਥਾ ਆਇਆ' ਦੇ ਅਨੁਸਾਰ ਇਸ ਰਤਨ ਪਦਾਰਥ ਰੂਪੀ ਜਨਮ ਨੂੰ ਹਉਮੈਂ ਅੰਦਰ ਹੀ ਖੋਹ ਬੈਠਦਾ ਹੈ, ਸਾਹਿਬਾਨ ਫੁਰਮਾਉਂਦੇ ਹਨ ਕਿ ਜੇ ਇਹ ਹਉਮੈਂ ਨੂੰ ਸਮਝ ਲਵੇ ਤਾਂ ਇਸ ਨੂੰ ਸਾਈਂ ਦਾ ਦਰ ਦਿਸ ਪਵੇ। ਪਰ ਅਫਸੋਸ ਐਸਾ ਯਥਾਰਥ ਗਿਆਨ (ਹਉਮੈ ਨੂੰ ਸਮਝ ਕੇ ਇਸ ਨੂੰ ਨਵਿਰਤ ਕਰਨਾ) ਇਸ ਦੇ ਭਾਗਾਂ ਵਿਚ ਪੂਰਨ ਗੁਰੂ ਦੀ ਕ੍ਰਿਪਾ ਬਿਨਾਂ ਨਹੀਂ ਹੁੰਦਾ, ਨਹੀਂ ਹੁੰਦਾ ।

ਇਸ ਹਉਮੈ ਨੇ ਬੜੇ ਬੜੇ ਸੂਰਬੀਰਾਂ ਨੂੰ ਅਪਣੀ ਲਪੇਟ ਵਿਚ ਲੈ ਕੇ ਗਿਰਾ ਦਿਤਾ, ਬੰਦਾ ਬਹਾਦਰ ਜੀ ਗੁਰੂ ਦਸਮੇਸ਼ ਪਿਤਾ ਜੀ ਦੇ ਫੁਰਮਾਨ ਨੂੰ ਪੂਰੀ ਤਰ੍ਹਾਂ ਪਾਲਦਿਆਂ ਹੋਇਆਂ ਵੀ ਹਉਮੈ ਦੀ ਚੋਟ ਤੋਂ ਨਾ ਬਚ ਸਕੇ। ਤੇ ਨਤੀਜਾ 'ਖਾਲਸਾ ਜੀ ਦੀ ਫੁਟ' ਵਿਚ ਨਿਕਲਿਆ ।

ਬ੍ਰਹਮਾ, ਚਾਰ ਵੇਦਾਂ ਦਾ ਰਚਨਹਾਰਾ ਹੁੰਦਿਆਂ ਹੋਇਆਂ ਵੀ ਹਉਮੈ ਦੇ ਕਾਰਨ ਕੰਵਲ ਫੁਲ ਵਿਚੋਂ ਅਪਣੇ ਆਪ ਨ ਨਿਕਲ ਸਕਿਆ । ਸਤਾ ਤੇ ਬਲਵੰਡ ਸ਼ਰੋਮਣੀ ਕੀਰਤਨੀਏ ਤੇ ਗੁਰੂ ਸਾਹਿਬਾਨ ਪੰਚਮ ਪਾਤਸ਼ਾਹ ਦੇ ਕ੍ਰਿਪਾ ਪਾਤਰ ਹੁੰਦੇ ਹੋਇ ਵੀ ਹਉਮੈ ਦੇ ਕਾਰਨ ਅਪਣਾ ਮਾਨ ਸਨਮਾਨ ਖੋਹ ਬੈਠੇ। ਭਾਵੇਂ ਇਸ ਗਲ ਦਾ ਨਤੀਜਾ 'ਸਿਖਾਂ ਵਿਚ ਰਾਗ ਵਿਦਿਆ ਦਾ ਆਰੰਭ' ਹੀ ਨਿਕਲਿਆ ਪਰ ਇਸ ਹਉਮੈ ਨੇ ਤਾਂ ਅਪਣਾ ਕਰਿਸ਼ਮਾ ਦਿਖਾ ਹੀ ਦਿਤਾ—ਉਚੀ ਥਾਂ ਤੋਂ ਗਿਰਾ ਕੇ ਅਪਮਾਨ ਵਿਚ ਸੁਟ ਦਿਤਾ। ਪਤਾ ਚਲਦਾ ਹੈ ਗੁਰਬਾਣੀ ਗਵਾਹੀ ਦੇਂਦੀ ਹੈ ਕਿ ਵਡੇ ਵਡੇ, ਰਬ ਦੇ ਘਲੇ ਹੋਇ ਰਹਿਬਰ ਵੀ ਇਸ ਹਉਮੈ ਦੇ ਸ਼ਿਕਾਰ ਹੋਇ । ਮੇਰੇ ਦਸਮੇਸ਼, ਕਲਗੇਸ਼ ਤੇ ਜਗਤੇਸ਼ ਪਿਤਾ ਜੀ ਫੁਰਮਾਉਂਦੇ ਹਨ—

'ਕਹਾ ਭਯੋ ਜੋ ਆਨ ਜਗਤ ਮੈ
ਦਸਕ ਅਸੁਰ ਹਰ ਘਾਇ ।
ਅਧਿਕ ਪ੍ਰਪੰਚ ਦਿਖਾਇ ਸਭਨ ਕਹਿ
ਆਪਹਿ ਬ੍ਰਹਮ ਕਹਾਇ ।'

ਉਹਨਾਂ ਨੇ ਵੀ ਦੁਨੀਆਂ ਵਿਚ ਆ ਕੇ ਪਰਪੰਚ ਦਿਖਾ ਕੇ ਤੇ ਹਉਮੈ ਦੀ ਲਪੇਟ ਵਿਚ ਆ ਕੇ ਅਪਣੇ ਆਪ ਨੂੰ ਹੀ ਪਰਮਾਤਮਾ ਕਹਿਲਵਾਉਣਾ ਸ਼ੁਰੂ ਕਰ ਦਿਤਾ । ਕੁਝ ਕੁ ਦੈਂਤਾਂ ਦਾ ਸਿੰਘਾਰ ਕਰਕੇ ਉਹਨਾਂ ਦੇ ਅੰਦਰ ਵੀ ਅਪਣਾ ਨਾਉਂ ਜਪਾਉਣ ਦੀ ਖਾਹਸ਼ ਪਰਬਲ ਹੋ ਗਈ ।

ਅਫਸੋਸ ਤਾਂ ਇਸ ਮਨੁਖ ਤੇ ਆਉਂਦਾ ਹੈ ਕਿ ਇਹ ਕੁਝ ਨ ਹੁੰਦਿਆਂ ਹੋਇਆਂ ਵੀ, ਨਿਗੁਣਾ ਹੋਣ ਦੀ ਹਾਲਤ ਵਿਚ ਵੀ ਹਉਮੈ ਨਹੀਂ ਛਡਦਾ ਤੇ ਇਥੋਂ ਤਕ ਵੀ ਕਹਿੰਦਾ ਹੈ ਕਿ ਮੇਰੇ ਕੋਲੋਂ ਕਿਸੇ ਦੀ ਗਲ ਨਹੀਂ ਸਹਾਰੀ ਜਾਂਦੀ, ਮੈਂ ਅਪਣੀ ਜ਼ਿਦ ਨਹੀਂ ਛਡ ਸਕਦਾ। ਇਸ ਦਾ ਕਾਰਨ ਕੀ ਹੈ ? ਇਹੀ ਕਿ ਐਸੇ ਮਨੁਖਾਂ ਅੰਦਰ ਹਉਮੈ ਦੀ ਕਰਾਰੀ ਭੀਤ ਹੈ ਤੇ ਉਹ ਇਸ ਨੂੰ ਛਡਣ ਦੀ ਥਾਂ ਤੇ ਹੋਰ ਪਕਾ ਕਰਦੇ



www.AKJ.Org

ਹਨ ਐਸੇ ਮੂਰਖ ਆਪਣੀ ਹਉਮੈ ਦੇ ਪਸਾਰੇ ਨਾਲ ਆਪ ਵੀ ਦੁਖੀ ਹੁੰਦੇ ਹਨ ਤੇ ਦੂਜਿਆਂ ਨੂੰ ਵੀ ਦੁਖੀ ਹੀ ਕਰਦੇ ਹਨ। ਇਹ ਗੁਰਮਤਿ ਨਹੀਂ ? ਗੁਰਮਤਿ ਇਹ ਕਹਿੰਦੀ ਹੈ ਕਿ ਉਸ ਦਾਤੇ ਦਾ ਹੁਕਮ ਸਮਝੋ। ਤੁਹਾਡੇ ਅੰਦਰੋਂ ਹਉਮੈ ਨਿਕਲ ਜਾਵੇਗੀ—'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।'

ਸਪਸ਼ਟ ਹੈ ਕਿ ਹਉਮੈ ਮਨੁਖ ਲਈ ਐਸੀਆਂ ਐਸੀਆਂ ਮੁਸੀਬਤਾਂ ਪੈਦਾ ਕਰ ਦੇਂਦਾ ਹੈ ਜਿਨ੍ਹਾਂ ਦਾ ਇਲਾਜ ਮਨੁਖੀ ਸ਼ਕਤੀ ਤੋਂ ਬਾਹਰ ਹੁੰਦਾ ਹੈ। ਇਹ ਹਉਮੈ ਮਨੁਖ ਦੇ ਸਾਰੇ ਚੰਗੇ ਗੁਣ, ਦੋਸ਼ਾਂ ਵਿਚ ਬਦਲ ਦੇਂਦਾ ਹੈ। ਫੁਰਮਾਨ ਹੈ:

ਹੇ ਜਨਮ ਮਰਣ ਮੂਲੰ ਅਹੰਕਾਰੰ, ਪਾਪਾਤਮਾ। ਮਿਤ੍ਰੰ ਤਜੰਤਿ, ਸਤ੍ਰੰ ਦ੍ਰਿੜੰਤਿ, ਅਨਿਕ ਮਾਯਾ ਬਿਸਤੀਰਨਹ। ਆਵੰਤ ਜਾਵੰਤ ਥਕੰਤ ਜੀਆ, ਦੁਖ ਸੁਖ ਬਹੁ ਭੋਗਣਹ। ਭ੍ਰਮ ਭਯਾਨ ਉਦਿਆਨ ਰਮਣੰ, ਮਹਾ ਬਿਕਟ ਅਸਾਧ ਰੋਗਣਹ। ਬੈਦੰ ਪਾਰਬ੍ਰਹਮ ਪਰਮੇਸ੍ਵਰ, ਅਗਾਧਿ ਨਾਨਕ ਹਰਿ ਹਰਿ ਹਰੇ।

ਹਉਮੈ ਵਿਚ ਆ ਕੇ ਮਨੁਖ ਆਪਣੀ ਸੋਚਣ ਸ਼ਕਤੀ ਨੂੰ ਕਾਬੂ ਵਿਚ ਨਹੀਂ ਰਖ ਸਕਦਾ ਤੇ ਯੋਗ ਤੇ ਅਯੋਗ ਬੋਲਣ ਵਿਚ ਫ਼ਰਕ ਨਹੀਂ ਸਮਝ ਸਕਦਾ। ਉਹ ਮੂਰਖਾਂ ਵਾਲੇ ਕੰਮ ਕਰਨਾ ਸ਼ੁਰੂ ਕਰ ਦੇਂਦਾ ਹੈ। ਬਹੁਤੀ ਵਾਰੀ ਤਾਂ ਹਉਮੈ ਨਾਲ ਝੂਠ ਦੀ ਮਿਲਾਵਟ ਕਰਕੇ ਆਪਣੇ ਬਚਨਾਂ ਨਾਲ ਦੂਜਿਆਂ ਦਾ ਇਤਬਾਰ ਖੋਹ ਬੈਠਦਾ ਹੈ। ਹਉਮੈ ਕਰਨ ਵਾਲਾ ਆਪ ਇਹ ਨਹੀਂ ਸਮਝਦਾ ਕਿ ਉਹ ਕਿਸ ਦਿਮਾਗੀ ਮਾਹੌਲ ਵਿਚ ਹੈ ਉਹ ਲੁਟਿਆ ਜਾਂਦਾ ਹੈ ਤੇ ਅੰਤ ਵਿਚ ਗਿਰਾਵਟ ਦਾ ਮੂੰਹ ਦੇਖਦਾ ਹੈ, ਪਰ ਛਡਦਾ ਫੇਰ ਵੀ ਨਹੀਂ ਫੁਰਮਾਨ ਹੈ:—

'ਇਨ ਦੂਤਨ ਖਲੁ ਬਧੁ ਕਰਿ ਮਾਰਿਓ।
ਬਡੋ ਨਿਲਾਜੁ ਅਜਹੂ ਨਹੀ ਹਾਰਿਓ।'

'ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ। ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ, ਕੋਇ ਨ ਸੁਣੈ ਪੂਕਾਰਾ।'

'ਅਵਰਿ ਪੰਚ ਹਮ ਏਕ ਜਨਾ।
ਕਿਉ ਰਾਖਉ ਘਰ ਬਾਰੁ ਮਨਾ।
ਮਾਰਹਿ ਲੂਟਹਿ ਨੀਤ ਨੀਤ।
ਕਿਸੁ ਆਗੈ ਕਰੀ ਪੁਕਾਰ ਜਨਾ।'

ਇਸ ਦੀਰਘ ਰੋਗ ਤੋਂ ਬਚਣ ਲਈ ਕੋਈ ਉਪਾਉ ਮਨੁਖ ਪਾਸ ਨਹੀਂ ਹੈ। ਗੁਰਬਾਣੀ ਵਿਚ ਇਸ ਰੋਗ ਤੋਂ ਬਚਣ ਲਈ ਫ਼ਰਯਾਦ ਕੀਤੀ ਗਈ ਹੈ। ਕਿਉਂ ਜੋ ਪਲ ਪਲ, ਘੜੀ ਘੜੀ ਇਹ ਰੋਗ ਮਨੁਖ ਨੂੰ ਵਾਹਿਗੁਰੂ ਤੋਂ ਦੂਰ ਹੀ ਲਈ ਜਾਂਦਾ ਹੈ। ਜਦ ਮਨੁਖ ਦੇ ਜੀਵਨ ਦਾ ਉਦੇਸ਼ ਮਹਾਂ-ਵਾਕਾਂ ਅਨੁਸਾਰ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਦੇ ਮੁਤਾਬਕ ਉਸ ਦਾਤੇ ਨਾਲ ਮਿਲਾਪ ਦਾ ਯਤਨ ਕਰਨਾ ਹੈ ਤਾਂ ਫਿਰ ਇਸ ਹਉਮੈ ਦੇ ਰੋਗ ਦੇ ਹੁੰਦਿਆਂ ਹੋਇਆਂ ਤਾਂ ਮਨੁਖ ਦੇ ਦਾਤੇ ਨਾਲ ਮਿਲਾਪ ਦੀ ਕੋਈ ਸੂਰਤ ਹੋ ਹੀ ਨਹੀਂ ਸਕਦੀ। ਗੁਰਬਾਣੀ ਵਿਚ ਇਸ ਰੋਗ ਵਿਰੁਧ ਫ਼ਰਿਆਦ ਕਰਦਿਆਂ ਹੋਇਆਂ ਇਲਾਜ ਵੀ ਦਸਿਆ ਹੈ ਫੁਰਮਾਨ ਹੈ;—

ਮਾਰੇਹਿ ਸੁ ਵੇ ਜਨ ਹਉਮੈ ਬਿਖਿਆ,
ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ।
ਦੇਹ ਕੰਚਨ ਵੇ ਵੰਨੀਆ,
ਇਨਿ ਹਉਮੈ ਮਾਰਿ ਵਿਗੁਤੀਆ।
ਮੋਹੁ ਮਾਇਆ ਵੇ ਸਭ ਕਾਲਖਾ,
ਇਨਿ ਮਨਮੁਖਿ ਮੂੜਿ ਸਜੁਤੀਆ।
ਜਨ ਨਾਨਕ ਗੁਰਮੁਖਿ ਉਬਰੇ,
ਗੁਰ ਸਬਦੀ ਹਉਮੈ ਛੁਟੀਆ।

ਸਾਫ ਜ਼ਾਹਿਰ ਹੈ ਕਿ ਹਉਮੈ ਦਾ ਇਲਾਜ ਨਾਮ ਸਿਮਰਨ ਹੈ ਤੇ ਫਿਰ ਹੀ ਇਹ ਰੋਗ 'ਰਹਿਤ ਰਹਿਤ ਰਹਿ ਜਾਇ ਵਿਕਾਰਾ' ਦੇ ਅਨੁਸਾਰ ਮਨੁਖ ਦਾ ਪਲਾ ਛਡ ਸਕੇਗਾ। ਗੁਰਬਾਣੀ ਦੀ ਇਕ ਇਕ ਤੁਕ ਸਾਡੇ ਲਈ ਚਾਨਣ ਮੁਨਾਰਾ ਹੈ ਕਿਉਂ ਜੋ 'ਸ੍ਵੈ ਵਿਸਥਾਰ' ਦਾ ਗੁਣ ਰਖਦੀ ਹੈ ਅਰਥਾਤ ਆਪਣੇ ਆਪ ਹੀ ਭਾਵ ਦਾ ਸਪਸ਼ਟੀਕਰਨ ਕਰਦੀ ਹੈ। ਵਾਹ ! ਵਾਹ !!



www.AKJ.Org

ਕੈਸਾ ਸੋਹਣਾ ਫੁਰਮਾਨ ਹੈ : 'ਹਉਮੈ ਬੂਝੈ ਤਾ ਦਰ ਸੂਝੈ' ਇਸ ਵਿਚ ਹਉਮੈ ਰੋਗ ਦਾ ਇਲਾਜ ਦਸਿਆ ਗਿਆ ਹੈ ਕਿ ਜੇ ਮਨੁਖ ਇਹ ਸਮਝ ਲਵੇ ਕਿ ਉਹ ਹਉਮੈ ਕਰ ਰਿਹਾ ਹੈ ਫਿਰ ਪਛਤਾਵਾ ਕਰੇ ਤੇ ਅਗੋਂ ਵਾਸਤੇ ਹਉਮੈ ਨ ਕਰਨ ਦਾ ਪ੍ਰਣ ਕਰੇ ਤਾਂ ਬਖਸ਼ਿਆ ਜਾ ਸਕਦਾ ਹੈ ਤੇ ਉਸੇ ਵੇਲੇ ਦਾ ਜ਼ਰੂਰੀ ਇਲਾਜ ਇਹ ਹੈ ਕਿ ਦਿਲ ਵਿਚ ਪਸਚਾਤਾਪ ਕਰਦਿਆਂ ਹੋਇਆਂ ਖੰਡਾ ਖੜਕਾਏ। ਹਉਮੈ ਤੇ ਉਸ ਦੇ ਸਾਥੀ ਚੋਰ ਸਭ ਇਸ ਹੜ੍ਹ ਵਿਚ ਰੁੜ੍ਹ ਜਾਣਗੇ। ਪਰ ਇਸ ਸਮੇਂ ਸਿਖ ਦੇ ਅੰਦਰ ਦਾਤੇ ਦਾ ਭਉ ਤੇ ਭੈ ਵੀ ਨਿਵਾਸ ਕਰਦਾ ਹੋਵੇ।

ਗੁਰਬਾਣੀ ਵਿਚ ਗੁਰਸਿਖ ਲਈ ਪੁਰਜ਼ੋਰ ਹਿਦਾਇਤ ਹੈ ਕਿ ਉਹ ਹਉਮੈ ਤੋਂ ਬਚ ਕੇ ਰਵ੍ਹੇ। ਕਿਉਂ ਜੋ ਜਦੋਂ ਤਕ ਉਸ ਅੰਦਰ ਇਹ ਰੋਗ ਰਹੇਗਾ, ਨਾਮ ਦਾ ਵਾਸਾ ਉਸ ਅੰਦਰ ਹੋ ਹੀ ਨਹੀਂ ਸਕਦਾ। ਜੇ ਕੋਈ ਇਹ ਸੋਚੇ ਕਿ ਉਹ ਇਸ ਰੋਗ ਦੇ ਹੁੰਦਿਆਂ ਹੋਇਆਂ ਨਾਮ ਸਿਮਰਨ ਵਿਚ ਅਗੇ ਵਧੇ, ਇਹ ਮੁਸ਼ਕਲ ਹੈ ਐਸਾ ਨਹੀਂ ਹੋ ਸਕਦਾ। ਫੁਰਮਾਨ ਹੈ:-

'ਹਉਮੈ ਨਾਵੈ ਨਾਲਿ ਵਿਰੋਧੁ ਹੈ,
ਦੋਇ ਨ ਵਸਹਿ ਇਕ ਠਾਇ।'

ਕਬੀਰ ਜੀ ਫੁਰਮਾਉਂਦੇ ਹਨ :—

'ਕਬੀਰਾ ਗਰਬੁ ਨ ਕੀਜੀਐ ਰੰਕ ਨ ਹਸੀਐ ਕੋਇ।
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ,
ਕਿਆ ਹੋਇ।'

ਫਰੀਦ ਜੀ ਨੇ ਵੀ ਮਨੁਖ ਨੂੰ ਦਿਲੋਂ ਗਰਬ ਛਡਣ ਲਈ ਕਿਹਾ ਹੈ ਤੇ ਦਿਲ ਨੂੰ ਮੈਦਾਨ ਵਾਙੂ ਪਧਰਾ ਤੇ ਸਾਫ ਰਖਣ ਲਈ ਪ੍ਰੇਰਿਆ ਹੈ ਐਸਾ ਕਰਨ ਨਾਲ ਮਨੁਖ ਦਾਤੇ ਦੀ ਦਰਗਾਹ ਵਿਚ ਕਬੂਲੀਅਤ ਹਾਸਲ ਕਰ ਸਕੇਗਾ। ਅਹੰਕਾਰ ਮਨੁਖ ਲਈ ਰਬੀ ਰੰਗਨ ਵਿਚ ਆਉਣ ਲਈ ਰੁਕਾਵਟ ਹੈ। ਫਰੀਦ ਜੀ ਕਹਿੰਦੇ ਹਨ :—

'ਫਰੀਦਾ ਮਨੁ ਮੈਦਾਨ ਕਰ, ਟੋਏ ਟਿਬੇ ਲਾਹਿ,
ਅਗੈ ਮੂਲਿ ਨ ਆਵਸੀ, ਦੋਜਕ ਸੰਦੀ ਭਾਹਿ।'
'ਫਰੀਦਾ ਗਰਬੁ ਜਿਨਾ ਵਡਿਆਈਆ,
ਧਨਿ ਜੋਬਨਿ ਆਗਾਹ, ਖਾਲੀ ਚਲੇ ਧਣੀ ਸਿਉ,
ਟਿਬੇ ਜਿਉ ਮੀਹਾਹੁ।'

ਹਉਮੈ ਰੋਗ ਤੋਂ ਬਚਣ ਲਈ ਮਨੁਖ ਨੂੰ ਹਰ ਪ੍ਰਕਾਰ ਹਦਾਇਤ ਕਰਦਿਆਂ ਹੋਇਆਂ ਸਾਹਿਬ ਪੰਚਮ ਪਾਤਸ਼ਾਹ ਫੁਰਮਾਉਂਦੇ ਹਨ :

ਸੋਰਠ ਮਹਲਾ ੫ ॥ ਪੰਚਪਦਾ
ਬਿਨਸੈ ਮੋਹੁ ਮੇਰਾ ਅਰੁ ਤੇਰਾ ਬਿਨਸੈ ਅਪਨੀ ਧਾਰੀ ॥੧॥ ਸੰਤਹੁ ਇਹਾ ਬਤਾਵਹੁ ਕਾਰੀ। ਜਿਤੁ ਹਉਮੈ ਗਰਬੁ ਨਿਵਾਰੀ ॥੧॥ਰਹਾਉ॥ ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ, ਹੋਵਾ ਸਗਲ ਰੇਨਾਰੀ। ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ। ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ, ਪਾਈਐ ਗੁਰੂ ਦੁਆਰੀ। ਕਹੁ ਨਾਨਕ ਜਿਸੁ ਮਸਤਕਿ ਲਿਖਿਆ, ਤਿਸੁ ਗੁਰ ਮਿਲਿ ਰੋਗ ਬਿਦਾਰੀ।

ਜਿਸ ਤਰ੍ਹਾਂ ਸੱਪ ਕੁੰਜ ਛਡ ਦੇਂਦਾ ਹੈ ਪਰ ਅਪਨਾ ਜ਼ਹਿਰ ਨਹੀਂ ਛਡਦਾ, ਚੋਰ ਚੋਰੀ ਛਡ ਦੇਂਦਾ ਹੈ ਪਰ ਹੇਰਾ ਫੇਰੀ ਨਹੀਂ ਛਡਦਾ। ਇਸੇ ਤਰ੍ਹਾਂ ਮਨੁਖ ਇਹਨਾਂ ਪੰਚ ਚੋਰਾਂ ਨੂੰ ਛਡ ਤਾਂ ਦੇਂਦਾ ਹੈ ਪਰ ਕਦੀ ਕਦੀ ਹੇਰਾਫੇਰੀ ਨਾਲ ਇਹਨਾਂ ਨਾਲ ਗਠਜੋੜ ਕਰ ਕੇ ਆਪਣਾ ਮਤਲਬ ਪੂਰਾ ਕਰ ਕੇ ਮੁਰਗਾਈ ਵਾਂਗੂੰ ਖੰਭ ਝਾੜ ਦੇਂਦਾ ਹੈ ਤੇ ਸੱਚਾ ਬਣ ਜਾਂਦਾ ਹੈ ਪਰ ਇਹ ਸਭ ਕੁਝ ਗੁਰਮਤਿ ਵਿਚ ਬਿਵਰਜਿਤ ਹੈ। ਮਨੁਖ ਨੂੰ ਹਰ ਹਾਲਤ ਵਿਚ ਦਿਲ ਦੀ ਪੱਟੀ ਸਾਫ਼ ਕਰਨੀ ਹੀ ਪਵੇਗੀ ਤਾਂ ਹੀ ਉਹ ਆਪਣੇ ਜੀਵਨ ਉਦੇਸ਼ ਵਿਚ ਕਾਮਯਾਬ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੇਗਾ। ਉਹ ਦੁਨੀਆਂ ਨੂੰ ਤਾਂ ਪਤਿਆ ਸਕਦਾ ਹੈ ਪਰ ਵਾਹਿਗੁਰੂ ਅਗੇ ਉਸ ਦੀ ਚਤਰਾਈ ਨਹੀਂ ਚਲ ਸਕੇਗੀ। ਗੁਰਮਤਿ ਅਨੁਸਾਰ ਹਉਮੈ ਦਾ ਇਲਾਜ ਉਪਰਲੇ ਸ਼ਬਦ ਵਿਚ ਸਭ ਮਨੁਖਾਂ ਨੂੰ



www.AKJ.Org

ਪਰਮਾਤਮਾ ਦਾ ਰੂਪ ਸਮਝਣਾ, ਸਭ ਦੀ ਰੇਣ ਹੋਣਾ, ਪਰਮਾਤਮਾਂ ਨੂੰ ਹਰ ਸਮੇਂ ਆਪਣੇ ਕੋਲ ਸਮਝਣਾ ਭਰਮ ਰੂਪੀ ਕੰਧ ਦਿਲ ਵਿਚ ਕਢਣਾ ਤੇ ਗੁਰੂ ਕੋਲੋਂ ਗੁਰਮੰਤ੍ਰ ਲੈ ਕੇ ਉਸ ਤੇ ਕਮਾਈ ਕਰਨਾ ਹੈ।

ਇਸ ਸ਼ਬਦ ਵਿਚ ਰਹਾਉ ਤੋਂ ਪਹਿਲੇ ਪ੍ਰਸ਼ਨ ਹੈ ਤੇ ਰਹਾਉ ਤੋਂ ਬਾਅਦ ਇਸ ਪ੍ਰਸ਼ਨ ਦਾ ਉਤਰ ਹੈ।

ਗੁਰਸਿਖੋ ਗੁਰਬਾਣੀ ਦੀ ਵੀਚਾਰ ਤੇ ਕਮਾਈ ਕਰਨਾ ਹੀ ਸਾਡਾ ਫ਼ਰਜ਼ ਹੈ ਤਾਂ ਹੀ ਸਾਡੀ ਨਾਮ ਅਭਿਆਸ ਕਮਾਈ ਵਿਚ ਤਰੱਕੀ ਹੋ ਸਕਦੀ ਹੈ। ਵਡੇ ਵਡੇ ਭਗਤਾਂ ਤੇ ਮਹਾਂਪੁਰਸ਼ਾਂ ਤੇ ਜੋ ਜ਼ੁਲਮ ਹਕੂਮਤ ਵਲੋਂ ਜਾਂ ਉਹਨਾਂ ਮਹਾਂਪੁਰਸ਼ਾਂ ਤੇ ਉਨ੍ਹਾਂ ਦੇ ਅਪਣੇ ਪਰਿਵਾਰ ਵਲੋਂ ਹੋਇ ਇਹਨਾਂ ਸਾਰਿਆਂ ਪਿਛੇ ਹਉਮੈਂ ਹੀ ਸੀ, ਆਪਣੀ ਹਉਮੇ ਦੇ ਅੰਦਰ ਅੰਨ੍ਹੇ ਹੋ ਕੇ ਭਗਤਿ ਪ੍ਰਹਲਾਦ ਨੂੰ ਹਰਨਾਖਸ਼ ਨੇ ਦੁਖ ਦਿਤੇ ਤੇ ਤਤਿਆਂ ਥੰਮ੍ਹਾਂ ਨਾਲ ਲਾਇਆ ਪਰ ਵਾਹਿਗੁਰੂ ਨੇ ਉਸ ਦੀ ਰਖਿਆ ਕੀਤੀ।

ਕਬੀਰ ਜੀ ਨੂੰ ਨਦੀ ਵਿਚ ਰੋੜ੍ਹਿਆ ਗਿਆ, ਨਾਮਦੇਵ ਜੀ ਨੂੰ ਗਊ ਜੀਵਾਉਣ ਲਈ ਹੁਕਮ ਦਿਤਾ ਗਿਆ। ਨਾਮਦੇਵ ਜੀ ਨੂੰ ਧਕੇ ਮਾਰ ਕੇ ਪੰਡਤਾਂ ਨੇ ਆਪਣੇ ਮੰਦਰ ਵਿਚੋਂ ਬਾਹਰ ਕਢਿਆ। ਗੁਰੂ ਨਾਨਕ ਦੇਵ ਜੀ ਨੂੰ ਕੁਰਾਹੀਆ ਕਰ ਕੇ ਪੁਕਾਰਿਆ ਗਿਆ, ਭਲੇ ਭਲੇ ਮਨੁਖਾਂ ਨੂੰ ਪੱਥਰ ਮਾਰੇ ਗਏ। ਇਹ ਸਭ ਕੁਝ ਕਿਸ ਨੇ ਕਰਾਇਆ ? ਹਉਮੈਂ ਨੇ! ਨਤੀਜਾ ਕੀ ਨਿਕਲਿਆ ? ਹਉਮੈ ਦੀ ਹਾਰ ਤੇ ਨਾਮ ਤੇ ਨਾਮ-ਰਸੀਆਂ ਦੀ ਜਿੱਤ। 'ਸੋ ਹਉਮੈ ਨਾਵੈ ਨਾਲ਼ ਵਿਰੋਧ ਹੈ ਦੋਇ ਨ ਵਸੈ ਇਕ ਠਾਇ' ਦਾ ਮਹਾਂਵਾਕ ਪੂਰੀ ਤਰ੍ਹਾਂ ਸਚਾ ਨਿਕਲਿਆ ਤੇ ਹਰੀ ਨਾਮ ਅਗੇ ਹਉਮੈ ਨ ਠਹਿਰ ਸਕਿਆ। ਸਿਧ ਹੋਇਆ ਕਿ ਹਉਮੈ ਦਾ ਪੱਕਾ ਇਲਾਜ ਨਾਮ ਸਿਮਰਨ ਹੈ। 'ਸਰਬ ਰੋਗ ਕਾ ਔਖਧ ਨਾਮ' ਦੇ ਅਨੁਸਾਰ ਨਾਮ ਹੀ ਇਕ ਮਾਤਰ ਇਲਾਜ ਮਨੁਖ ਦੇ ਹੱਕ ਤੇ ਮਾਨਸਕ ਰੋਗਾਂ ਲਈ ਹੈ ਇਹ ਹੀ ਗੁਰਬਾਣੀ ਕਹਿੰਦੀ ਹੈ। ਇਹ ਸਚ ਹਮੇਸ਼ਾਂ ਲਈ ਸਚ ਹੈ, ਇਹ ਅਟੱਲ ਨਿਯਮ ਹੈ।

ਗੁਰੂ ਦੇ ਪਿਆਰਿਉ! ਫ਼ੁਰਮਾਨ ਹੈ ਕਿ—

'ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ
ਕਮਾਹਿ। ਨਾਨਕੁ ਕਹੈ ਸੁਣਹੁ ਜਨਹੁ
ਇਤੁ ਸੰਜਮਿ ਦੁਖ ਜਾਹਿ।'

ਇਸ ਫ਼ੁਰਮਾਨ ਤੇ ਪੂਰਨ ਵਿਸ਼ਵਾਸ਼ ਕਰਦਿਆਂ ਹੋਇਆਂ ਹਰੇਕ ਗੁਰਸਿਖ ਦਾ ਫਰਜ਼ ਹੈ ਕਿ ਇਸ ਦੀਰਘ ਰੋਗ ਤੋਂ ਬਚਣ ਲਈ 'ਗੁਰੂ ਸ਼ਬਦ' ਦੀ ਕਮਾਈ ਕਰੇ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੇ ਤਾਂ ਫਿਰ ਇਹ ਆਪ-ਮੁਹਾਰਾ ਹੀ ਮੂੰਹੋਂ ਨਿਕਲੇਗਾ :

'ਨਸ ਵੰਞੋ ਕਿਲਵਿਖੋ ਕਰਤਾ ਘਰ ਆਇਆ।'

ਤੇ ਨਾਮ ਅਭਿਆਸ ਕਮਾਈ ਨਾਲ 'ਗੁਰ ਸਬਦੀ ਗੋਬਿੰਦ ਗਾਜਿਆ' ਦਾ ਆਨੰਦ ਗੁਰਸਿਖ ਆਪਣੇ ਅੰਤ੍ਰੀਵੀ ਹਿਰਦੇ ਵਿਚ ਮਾਨੇਗਾ ਤੇ ਪ੍ਰਗ ਖਲੋਤੇ ਨਾਮ ਰਸਕ ਬੈਰਾਗੀਆਂ ਦੀ ਪੰਗਤੀ ਵਿਚ ਖੜਾ ਹੋ ਕੇ ਦਾਤੇ ਦੇ ਸ਼ੁਕਰਾਨੇ ਵਿਚ ਹਰ ਸਮੇਂ ਅਰਦਾਸ ਕਰੇਗਾ ਕਿ :

ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ।
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ।

---

# ਪਾਠਕਾਂ ਪ੍ਰਤੀ ਬੇਨਤੀ

ਪਾਠਕਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਪਾਠਕਾਂ ਨੂੰ ਅਸੀਂ ਚਿੱਠੀਆਂ ਪਾਈਆਂ ਸਨ ਉਹਨਾਂ ਵਿਚ ਜਿਹਨਾਂ ਦੇ ਉਤਰ ਪੁਜੇ ਕਿ ਚੰਦਾ ਭੇਜ ਰਹੇ ਹਾਂ, ਉਹ ਕ੍ਰਿਪਾ ਕਰਕੇ ਚੰਦਾ ਛੇਤੀ ਭੇਜਣ ਦੀ ਕ੍ਰਿਪਾਲਤਾ ਕਰਨ। ਜਿਨ੍ਹਾਂ ਪਾਠਕਾਂ ਨੂੰ ਅਸੀਂ ਜਵਾਬੀ ਪੋਸਟ ਕਾਰਡ ਪਾਏ ਸਨ ਪਰ ਉਹਨਾਂ ਵਲੋਂ ਕੋਈ ਉਤਰ ਨਹੀਂ ਆਇਆ ਉਹ ਵੀ ਕ੍ਰਿਪਾ ਕਰਕੇ ਉਤਰ ਛੇਤੀ ਭੇਜਣ। ਨਾਲ ਹੀ ਕਈ ਪਾਠਕਾਂ ਦੇ ਪੁਰਾਣੇ ਚਿੱਟ ਨੰਬਰ ਬਦਲੇ ਗਏ ਹਨ, ਨਵੇਂ ਲਿਖੇ ਗਏ ਹਨ। ਚਿੱਠੀ ਪੱਤਰ ਵੇਲੇ ਖਿਆਲ ਰਖਣ। —ਮੈਨੇਜਰ, 'ਸੂਰਾ' ਪਟਿਆਲਾ



www.AKJ.Org

# "ਅੰਤਰਮਨ" ਤੇ ਸਿਨਮੇ ਦਾ ਅਸਰ

ਵਲੋਂ :

ਭਾਈ ਅਮਰਜੀਤ ਸਿੰਘ ਜੀ (ਬਾਗਡੋਗਰਾ)

ਦਾਰਜੀਲਿੰਗ (ਬੰਗਾਲ)

*

ਸਾਧਾਰਨ ਤੌਰ ਤੇ ਮਨੁਖ ਓਹੀ ਕੁਝ ਕਰਦਾ ਹੈ ਜਿਸ ਤਰ੍ਹਾਂ ਦੀ ਪਰੇਰਨਾ ਉਸਨੂੰ ਆਪਣੇ ਵੀਚਾਰਾਂ ਰਾਹੀਂ ਹੁੰਦੀ ਹੈ। ਇਸੇ ਨੂੰ ਮਨੁਖ ਦਾ ਆਚਰਨ ਕਿਹਾ ਜਾਂਦਾ ਹੈ। ਮਨੁਖ ਤੇ ਆਪਣੇ ਆਲੇ ਦੁਆਲੇ (ਵਾਤਾਵਰਣ) ਦਾ ਪ੍ਰਭਾਵ ਬਹੁਤ ਪੈਂਦਾ ਹੈ। ਸਰੀਰਕ ਤੌਰ ਤੇ ਠੰਡ, ਗਰਮੀ ਹਵਾ ਆਦਿ ਜਿਸ ਤਰ੍ਹਾਂ ਸਰੀਰ ਦੇ ਵਿਕਾਸ ਕਰਨ, ਰੋਗੀ ਜਾਂ ਅਰੋਗ ਰਖਣ ਵਿਚ ਹਿਸਾ ਲੈਂਦੇ ਹਨ, ਉਸੇ ਤਰ੍ਹਾਂ ਸਰੀਰ ਦੇ ਨਾਲ ਸੰਬੰਧਤ ਮਨ ਤੇ ਉਸ ਦੀ ਆਤਮਾ ਵੀ ਆਬੋਹਵਾ ਤੋਂ ਪ੍ਰਭਾਵਤ ਹੋਣ ਤੋਂ ਇਲਾਵਾ ਆਪਣੇ ਆਲੇ ਦੁਆਲੇ ਦੇ ਲੋਕਾਂ ਤੋਂ ਜਿਨ੍ਹਾਂ ਨਾਲ ਉਸ ਦਾ ਵਾਹ ਪੈਂਦਾ ਹੈ ਪ੍ਰਭਾਵਤ ਹੁੰਦਾ ਹੈ। ਬਾਲ ਅਵਸਥਾ ਵਿਚ ਤਾਂ ਇਹ ਅਸਰ ਬਹੁਤ ਤੇਜ਼ੀ ਨਾਲ ਪੈਂਦਾ ਹੈ। ਮਨੁਖ ਜੋ ਕੁਝ ਵੇਖਦਾ, ਸੁਣਦਾ, ਪੜ੍ਹਦਾ ਜਾਂ ਅਨੁਭਵ ਕਰਦਾ ਹੈ ਤੇ ਜਿਸ ਤਰ੍ਹਾਂ ਦੇ ਲੋਕਾਂ ਦੀ ਸੋਹਬਤ (ਸੰਗਤ) ਵਿਚ ਰਹਿੰਦਾ ਹੈ ਉਸੇ ਤਰ੍ਹਾਂ ਉਸਦੇ ਵੀਚਾਰ ਬਣਦੇ ਹਨ। ਵੀਚਾਰਾਂ ਦਾ ਸਬੰਧ ਮਨ ਨਾਲ ਹੈ। ਇਹ ਮਨ ਸਰੀਰ ਨਾਲ ਸਬੰਧਤ ਇਕ ਅਚਰਜ ਚੀਜ਼ ਹੈ, ਜਿਸ ਦਾ ਰੂਪ ਰੰਗ ਜਾਂ ਆਕਾਰ ਅੱਖਾਂ ਦਵਾਰਾ ਨਹੀਂ ਵੇਖਿਆ ਜਾ ਸਕਦਾ ਤੇ ਨਾ ਹੀ ਸਪਰਸ਼ ਦਵਾਰਾ ਇਸਦਾ ਵਜੂਦ ਪਤਾ ਲਗਦਾ ਹੈ ਪਰ ਫੇਰ ਵੀ ਅਨੁਭਵ ਜਾਂ ਪ੍ਰਤੀਤ ਜ਼ਰੂਰ ਕੀਤਾ ਜਾ ਸਕਦਾ ਹੈ। ਆਮ ਕਰ ਕੇ ਅਸੀਂ ਸਰੀਰ ਦੇ ਚੇਤਨ ਹਿਸੇ ਦੇ ਭਲੀ ਪ੍ਰਕਾਰ ਜਾਣੂ ਨਹੀਂ ਹਾਂ। ਇਸ ਵਿਚ ਜੋ ਕੁਝ ਚੇਤਨ ਅਸੀਂ ਸਮਝਦੇ ਹਾਂ ਉਹ ਮਨ ਦੀ ਵੀਚਾਰ ਤੇ ਉਪਰਲੀ ਸਮਝ ਅਨੁਸਾਰ ਹੀ ਸਮਝਦੇ ਹਾ, ਪਰ ਹੋਰ ਵੀ ਜੋ ਚੇਤਨ ਹਿਸਾ ਹੈ ਉਸ ਦਾ ਘਟ ਹੀ ਲੋਕਾਂ ਨੂੰ ਪਤਾ ਹੈ। ਇਸ ਚੇਤਨ ਹਿਸੇ ਨੂੰ ਜੋ ਕਿ ਮਨ ਤੋਂ ਭਿੰਨ (ਇਲਾਵਾ) ਹੈ, 'ਅੰਤਰਮਨ' ਕਹਿੰਦੇ ਹਨ।

ਸੁਤਿਆਂ ਹੋਇਆਂ ਆਦਮੀ ਦੇ ਮਨ ਤੇ ਇੰਦਰੇ ਤਾਂ ਆਰਾਮ ਕਰ ਰਹੇ ਹੰਦੇ ਹਨ ਪਰ ਇਹ ਅੰਤਰਮਨ ਜਾਗਦਾ ਹੁੰਦਾ ਹੈ। ਜੀਵਨ ਵਿਚ ਕੀਤੀਆਂ ਸੋਚਾਂ, ਦਿਨ ਭਰ ਦੇ ਵੀਚਾਰ ਇਸ ਅੰਤਰਮਨ ਵਿਚ ਭਰਦੇ ਰਹਿੰਦੇ ਹਨ। ਇਹੀ ਵੀਚਾਰ ਮਨੁਖ ਦਾ ਅਸਲੀ ਸੁਭਾਵ ਬਣਦੇ ਹਨ। ਇਹ ਭਰੇ ਹੋਏ ਵੀਚਾਰ ਹੀ ਸੁਤੇ ਪਿਆਂ ਅੰਤਰਮਨ ਦੇ ਪਰਦੇ ਤੇ ਚਿਤ੍ਰਤ ਹੋ ਕੇ ਸੁਪਨੇ ਦੇ ਦ੍ਰਿਸ਼ ਸਾਡੇ ਸਾਹਮਣੇ ਲਿਆਉਂਦੇ ਹਨ। ਜਾਗਦਿਆਂ ਜੇਹੜੀਆਂ ਇਛਾਵਾਂ ਚੇਸ਼ਟਾਵਾਂ ਪੂਰੀਆਂ ਨਹੀਂ ਹੁੰਦੀਆਂ ਉਹ ਕਈ ਵਾਰੀ ਸੁਪਨੇ ਵਿਚ ਪੂਰੀਆਂ ਹੁੰਦੀਆਂ ਹਨ। ਇਹ ਅੰਤਰਮਨ ਦੀ ਕਰਾਮਾਤ ਹੈ। ਕੋਈ ਆਦਤ ਤਦੋਂ ਤਕ ਪਕੀ ਆਦਤ ਨਹੀਂ ਬਣਦੀ, ਜਦ ਤਕ ਉਹ ਅੰਤਰਮਨ ਦੀ ਤਹਿ ਤਕ ਨਹੀਂ ਜਾ ਟਿਕਦੀ, ਤੇ ਕੋਈ ਆਦਤ ਤਦ ਤਕ ਪੂਰੀ ਤਰ੍ਹਾਂ ਛਡ ਦਿਤੀ ਹੋਈ ਨਹੀਂ ਕਹੀ ਜਾ ਸਕਦੀ, ਜਦ ਤਕ ਉਸ ਆਦਤ ਦੇ ਸੰਸਕਾਰ ਅੰਤਰਮਨ ਵਿਚ ਭਰੇ ਹੋਣ। ਇਸ ਅੰਤਰਮਨ ਨੂੰ ਮਿਸਾਲ ਵਜੋਂ ਇਸ ਤਰ੍ਹਾਂ ਜਾਣ ਸਕਦੇ ਹਾਂ :—

ਕਿਸੇ ਆਦਮੀ ਨੂੰ ਚੋਰੀ ਕਰਨ ਦੀ ਆਦਤ ਸੀ, ਪਰ ਕਿਸੇ ਭਲੇ ਪੁਰਸ਼ ਦੀ ਸੰਗਤ ਤੋਂ ਚੋਰੀ ਦੇ (ਫੜੇ ਜਾਣ ਤੇ) ਬੁਰੇ ਫਲ ਨੂੰ ਜਾਣ ਕੇ ਉਸ ਨੇ ਚੋਰੀ ਛਡ ਦਿਤੀ। ਪਹਿਲਾਂ ਜੇਹੜਾ ਚੋਰੀ ਦੇ ਧਨ ਨਾਲ ਐਸ਼-ਆਰਾਮ ਦਾ ਜੀਵਨ ਬਿਤਾਉਂਦਾ ਸੀ, ਹੁਣ ਮੇਹਨਤ ਕਰਕੇ ਬੜੀ ਮੁਸ਼ਕਲ ਨਾਲ ਗੁਜ਼ਾਰਾ ਚਲਦਾ



www.AKJ.Org

ਹੈ ਤੇ ਬੜੇ ਸੰਕੋਚ ਨਾਲ ਖਰਚ ਕਰਨਾ ਪੈਂਦਾ ਹੈ। ਐਸੀ ਹਾਲਤ ਵਿਚ ਉਸਨੂੰ ਕੋਈ ਪੁਰਾਣਾ ਚੋਰ ਸਾਥੀ ਮਿਲ ਜਾਂਦਾ ਹੈ ਤੇ ਉਸਨੂੰ ਕਹਿੰਦਾ ਹੈ, ਬਈ ਤੂੰ ਕਿਉਂ ਐਸਾ ਹਾਲ ਬਣਾਇਆ ਹੋਇਆ ਹੈ। ਵੇਖ ਹੋਰ ਲੋਕੀ ਕਿਦਾਂ ਮਜ਼ੇ ਨਾਲ ਰਹਿੰਦੇ, ਖਾਂਦੇ ਪਹਿਨਦੇ ਹਨ। ਤੂੰ ਕਿਉਂ ਦੀਨ ਬਣਿਆ ਫਿਰਦਾ ਹੈਂ ? ਮੈਨੂੰ ਵੇਖ ਮੈਂ ਕਿੰਨਾ ਖੁਸ਼ ਹਾਂ ਅਜ ਕਲ ਤਾਂ ਖੂਬ ਐਸ਼ ਹੈ, ਛਡ ਡਰਾਕਲਾਂ ਵਾਲੀਆਂ ਗੱਲਾਂ। ਜੇ ਫਲਾਣੀ ਜਗ੍ਹਾ ਮੇਰਾ ਸਾਥ ਦੇਵੇਂ, ਤਾਂ ਖੂਬ ਮਾਲਾ ਮਾਲ ਹੋ ਜਾਵੇਂਗਾ। ਜਦੋਂ ਐਸੀਆਂ ਗੱਲਾਂ ਉਹ ਆਦਮੀ ਪੁਰਾਣੇ ਸਾਥੀ ਤੋਂ ਸੁਣਦਾ ਤੇ ਉਸ ਦਾ ਹਾਲ ਵੇਖਦਾ ਹੈ, ਤਾਂ ਉਸਦੇ ਅੰਦਰ ਵੀ ਜੋ ਸੁਖ ਦੀ ਲਾਲ਼ਸਾ ਹੈ, ਉਹ ਕਹਿੰਦੀ ਹੈ ਚਲ ਮਨਾ ਅਜ ਸਮਾਂ ਹਈ। ਫੇਰ ਮੌਕਾ ਮਿਲੇ ਜਾਂ ਨਾ ਮਿਲੇ। ਕਿਉਂ ਨ ਇਸ ਦੇ ਨਾਲ ਰਲ ਕੇ ਐਸ਼ ਕਰੀਏ। ਕੌਣ ਵੇਖਦਾ ਹੈ ? ਇਸ ਤਰ੍ਹਾਂ ਦੇ ਵੀਚਾਰ ਨਾਲ ਬਦੋਬਦੀ ਉਸ ਦੇ ਨਾ ਚਾਹੁੰਦਿਆਂ ਹੋਇਆਂ ਵੀ ਉਸਦੇ ਪੈਰ ਚੋਰ ਦਾ ਸਾਥ ਦੇਣ ਲਈ ਉਠਦੇ ਹਨ। ਉਹ ਚੋਰੀ ਦੇ ਬੁਰੇ ਦੰਡ ਨੂੰ ਵੀ ਸੋਚਦਾ ਹੈ, ਤੇ ਮਨ ਉਸਨੂੰ ਭੈ ਵੀ ਦਿੰਦਾ ਹੈ, ਪਰ ਇਕ ਹੋਰ ਤਰ੍ਹਾਂ ਦੇ ਵਿਚਾਰ ਅੰਦਰੋਂ ਇਸ ਦੇ ਉਲਟ ਉਸ ਨੂੰ ਪ੍ਰੇਰਦੇ ਹਨ। ਇਹ ਕੀ ਹਨ ? ਇਹੀ ਉਸ ਆਦਮੀ ਦਵਾਰਾ ਕੀਤੇ ਚੋਰੀ ਦੇ ਕੰਮਾਂ ਦੇ ਸੰਸਕਾਰ ਹਨ ਜੋ ਕਈ ਸਾਲਾਂ ਤੋਂ ਉਸ ਦੇ ਅੰਦਰ ਅੰਤਰਮਨ ਵਿਚ ਪੱਕਾ ਅੱਡਾ ਜਮਾ ਚੁਕੇ ਸਨ, ਤੇ ਹੁਣ ਮੌਕਾ ਮਿਲਣ ਤੇ ਫੇਰ ਉਭਰ ਆਏ ਹਨ। ਇਸੇ ਤਰ੍ਹਾਂ ਇਕ ਸ਼ਰਾਬੀ ਜਿਸ ਨੂੰ ਕਈ ਸਾਲਾਂ ਤੋਂ ਸ਼ਰਾਬ ਪੀਣ ਦੀ ਬੁਰੀ ਆਦਤ ਹੈ, ਕੋਈ ਕਿਤਾਬ ਪੜ੍ਹ ਕੇ ਜਾਂ ਕਿਸੇ ਭਲੇ ਪੁਰਸ਼ ਤੋਂ ਸੁਣਕੇ, ਸ਼ਰਾਬ ਤੋਂ ਸਰੀਰ ਤੇ ਬੁਰੇ ਅਸਰ ਨੂੰ ਸਮਝਕੇ ਸ਼ਰਾਬ ਛਡ ਦਿੰਦਾ ਹੈ, ਪਰ ਜਦੋਂ ਕੁਝ ਦਿਨਾਂ ਬਾਅਦ ਉਹ ਉਸੇ ਸ਼ਰਾਬਖ਼ਾਨੇ ਦੇ ਲਾਗੇ ਤੋਂ ਲੰਘਦਾ ਹੈ ਤੇ ਆਪਣੇ ਪੁਰਾਣੇ ਮਿੱਤਰਾਂ ਨੂੰ ਸ਼ਰਾਬ ਦੀਆਂ ਚੁਸਕੀਆਂ ਲਾਉਂਦਿਆਂ, ਹਸਦਿਆਂ ਤੇ ਗੱਪਾਂ ਮਾਰਦਿਆਂ ਵੇਖਦਾ ਹੈ। ਉਪਰ ਬਦਲੀ ਦਾ ਸੁਹਾਵਣਾ ਮੌਸਮ ਨਜ਼ਰੀਂ ਪੈਂਦਾ ਹੈ। ਠੰਡੀ ਹਵਾ ਦੇ ਝੋਕਿਆਂ ਦਾ ਸਪਰਸ਼ ਸਰੀਰ ਨੂੰ ਹੁੰਦਾ ਹੈ, ਤਾਂ ਉਸ ਨੂੰ ਵੀ ਸ਼ਰਾਬ ਦਾ ਸੁਆਦ ਲੈਣ ਦੀ ਰੁਚੀ ਹੋ ਆਉਂਦੀ ਹੈ। ਉਸ ਦੇ ਨਾ ਚਾਹੁੰਦਿਆਂ ਹੋਇਆਂ ਤੇ ਸ਼ਰਾਬ ਦੇ ਬੁਰੇ ਅਸਰ ਦਾ ਖਿਆਲ ਹੁੰਦਿਆਂ ਹੋਇਆਂ ਵੀ ਅੰਦਰੋਂ ਇਕ ਧੂਹ ਜੇਹੀ ਉਠਦੀ ਹੈ ਤੇ ਬਦੋਬਦੀ ਉਸ ਨੂੰ ਸ਼ਰਾਬੀਆਂ ਦੀ ਮਜਲਸ ਵਿਚ ਜਾਣ ਲਈ ਖਿਚਦੀ (ਆਕਰਖਤ ਕਰਦੀ) ਹੈ। ਇਹ ਅੰਤਰਮਨ ਦੇ ਵਿਚ ਭਰੇ ਪੁਰਾਣੇ ਸੰਸਕਾਰ ਹਨ। ਭਾਵੇਂ ਉਸ ਆਦਮੀ ਨੇ ਮਨ ਵਿਚ ਉਸ ਸ਼ਰਾਬ ਦੇ ਬੁਰੇ ਅਸਰ ਨੂੰ ਸੋਚ ਕੇ ਸ਼ਰਾਬ ਛਡੀ, ਪਰ ਜੋ ਅੰਤਰਮਨ ਵਿਚ ਭਰੇ ਹੋਏ ਸ਼ਰਾਬ ਦੇ ਸੰਸਕਾਰ ਹਨ, ਉਹ ਤਾਂ ਹਾਲਾਂ ਉਸੇ ਤਰ੍ਹਾਂ ਭਰੇ ਹੋਏ ਹਨ। ਉਹ ਅਜ ਫੇਰ ਅਨੁਕੂਲ ਵਾਤਾਵਰਣ ਮਿਲਣ ਤੇ ਉਸ ਨੂੰ ਮਜਬੂਰ ਕਰ ਰਹੇ ਹਨ। ਸ਼ਰਾਬ ਦੇ ਸੁਖ ਦਾ ਲਾਲਚ ਦੇ ਰਹੇ ਹਨ।

ਜਿਨ੍ਹਾਂ ਗੱਲਾਂ ਨੂੰ ਅਸੀਂ ਬਾਰ ਬਾਰ ਕਰਦੇ, ਸੁਣਦੇ ਜਾਂ ਵੇਖਦੇ ਹਾਂ। ਉਸਦਾ ਸਾਨੂੰ ਅਭਿਆਸ ਹੋ ਜਾਂਦਾ ਹੈ ਤੇ ਪਕਿਆਈ ਹੋ ਜਾਂਦੀ ਹੈ, ਤੇ ਅਭਿਆਸ ਹੀ ਗਿਆਨ ਬਣ ਜਾਂਦਾ ਹੈ, ਤੇ ਗਿਆਨ ਦਾ ਸੁਭਾਵ ਨਾਲ ਗੂੜ੍ਹਾ ਸਬੰਧ ਹੈ। ਜਿਸ ਤਰ੍ਹਾਂ ਪੜ੍ਹਨ ਵਾਲੇ ਬਚਿਆਂ ਨੂੰ ਕਿਸੇ ਪਹਾੜੇ ਆਦਿਕ ਨੂੰ ਯਾਦ ਕਰਾਉਣ ਲਈ ਬਾਰ ਬਾਰ ਕਈ ਵਾਰੀ ਬੁਲਾਇਆ ਜਾਂ ਰਟਨ ਕਰਾਇਆ ਜਾਂਦਾ ਹੈ। ਸੋ ਕਿਸੇ ਚੀਜ਼ ਦਾ ਕਈ ਵਾਰੀ ਰਟਨ, ਸਾਡੇ ਅੰਤਰਮਨ ਵਿਚ ਪੱਕਾ ਬਹਿ ਜਾਂਦਾ ਹੈ। ਗੁਰਦੇਵ ਜੀ ਸਾਨੂੰ ਬਾਰ ਬਾਰ 'ਬਾਰੰਬਾਰ ਬਾਰ ਪ੍ਰਭੁ ਜਪੀਐ।' 'ਸਿਮਰਿ ਸਿਮਰਿ ਨਾਮੁ ਬਾਰੰ ਬਾਰ।' ਨਾਮ ਜਪਣ ਤੇ ਸਿਮਰਨ ਲਈ ਪ੍ਰੇਰਦੇ ਹਨ। ਬਾਰ ਬਾਰ ਜਪਿਆ ਨਾਮ ਹੀ ਅੰਤਰਮਨ ਵਿਚ ਵਸ ਜਾਂਦਾ ਹੈ, ਤੇ ਇਸ ਤਰ੍ਹਾਂ ਮੋਖ ਮੁਕਤ ਦਾ ਕਾਰਨ ਬਣਦਾ ਹੈ। 'ਮੁਖਹੁ ਹਰਿ ਹਰਿ ਸਭੁ ਕੋ ਕਹੈ ਵਿਰਲੈ ਹਿਰਦੈ ਵਸਾਇਆ। ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤ ਤਿਨ ਪਾਇਆ।' ਅਤੇ 'ਰਾਮ ਰਾਮ ਸਭਿ ਕੋ ਕਹੈ ਕਹਿਐ ਰਾਮੁ ਨ ਹੋਇ। ਗੁਰ ਪ੍ਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ।' ਨਿਗੁਰੇ ਤਾਂ ਐਵੇਂ ਹੀ ਦੇਖਾ ਦੇਖੀ ਨਾਮ ਜਪਦੇ ਹਨ ਰਾਮ ਰਾਮ



www.AKJ.Org

ਕਹਿੰਦੇ ਹਨ। ਪਰ ਉਹਨਾਂ ਦੇ ਹਿਰਦੇ (ਅੰਤਰ ਮਨ) ਨਾਮ ਦਾ ਨਿਵਾਸ ਨਹੀਂ ਹੁੰਦਾ। ਗੁਰੂ ਧਾਰਨ ਕਰਕੇ (ਖੰਡੇ ਦੇ ਅੰਮ੍ਰਿਤ ਦੀ ਦਾਤ ਪੰਜਾਂ ਪਿਆਰਿਆਂ ਤੋਂ ਗੁਰ ਦੀਖਿਆ ਲੈ ਕੇ ਨਾਮ ਦੀ ਪ੍ਰਾਪਤੀ ਹੁੰਦੀ ਹੈ) ਨਾਮ ਜਪਿਆ ਗੁਰੂ ਕਿਰਪਾ ਨਾਲ ਅੰਤਰ ਮਨ ਵਿਖੇ ਵਸਦਾ ਹੈ ਤੇ ਸਫ਼ਲ ਹੁੰਦਾ ਹੈ, ਕਿਉਂਕਿ 'ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ।' ਅੰਤਰ ਮਨ ਵਿਚ ਪਿਛਲੇ ਜਨਮਾਂ ਜਨਮਾਂਤਰਾਂ ਦੇ (ਤੇ ਹੁਣ ਜੇਹੜੇ ਸੰਸਕਾਰ ਇਕਠੇ ਕਰ ਰਹੇ ਹਾਂ) ਜੋ ਪਾਪਾਂ-ਵਿਕਾਰਾਂ ਨਾਲ ਕਠੇ ਕੀਤੇ ਸੰਸਕਾਰ ਹਨ, ਭਰੇ ਹਨ। ਉਸ ਦੀ ਕਾਲਖ 'ਭਰੀਐ ਮਤਿ ਪਾਪਾ ਕੇ ਸੰਗਿ। ਓਹੁ ਧੋਪੈ ਨਾਵੈ ਕੇ ਰੰਗਿ।' ਨਾਮ ਨਾਲ ਹੀ ਉਤਰਨੀ ਹੈ ਤੇ ਉਸ ਦੀ ਜਗ੍ਹਾ ਨਾਮ ਦਾ ਨਿਵਾਸ, ਬਾਰੰਬਾਰ ਜਪਣ ਕਰਕੇ ਹੀ ਹੋਣਾ ਹੈ। ਗੁਰਬਾਣੀ ਦੀ ਵੀਚਾਰ ਨਾਲ, ਜਿਸ ਦਾ ਨਾਮ ਜਪਦੇ ਹਾਂ, ਉਸ ਦੀ ਹੋਂਦ ਨੂੰ ਸਦਾ ਸਨਮੁਖ ਰਖਦਿਆਂ, ਉਸ ਦੇ ਗੁਣਾਂ ਦਾ ਵੀਚਾਰ ਜਾਂ ਗਾਇਨ ਗੁਰਮਤਿ ਕੀਰਤਨ ਦਵਾਰਾ ਕਰਦਿਆਂ, ਪਹਿਲਾਂ ਵਿਕਾਰਾਂ ਵਾਲੇ ਸੰਸਕਾਰ ਨਿਕਲ ਜਾਂਦੇ ਹਨ, ਤੇ ਫੇਰ ਨਾਮੀ ਦੇ ਗੁਣਾਂ ਵਾਲੇ ਸ਼ੁਭ ਸੰਸਕਾਰ ਅੰਤਰ ਮਨ ਵਿਚ ਬਹਿ ਜਾਂਦੇ ਹਨ। 'ਜੈਸਾ ਸੇਵੈ ਤੈਸੋ ਹੋਵੈ' ਗੁਰਬਾਣੀ ਦਾ ਪਠਨ ਪਾਠਣ ਨਿਤਨੇਮ ਤੇ ਕੀਰਤਨ ਨਾਮ ਜਪਣ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਨਾਮੀ ਵਾਹਿਗੁਰੂ ਜੀ ਦੇ ਗੁਣ, ਗੁਰੂ ਹੀ ਦਸਦਾ ਹੈ ਤੇ 'ਬਾਣੀ ਗੁਰੂ ਗੁਰੂ ਹੈ ਬਾਣੀ।' ਇਸ ਲਈ ਅੰਮ੍ਰਿਤ-ਮਈ 'ਧੁਰ ਕੀ ਬਾਣੀ' ਦਾ ਆਸਰਾ ਅੰਤਰ ਮਨ ਨੂੰ ਸਦਾ ਚਾਹੀਦਾ ਹੈ।

'ਗ੍ਰਿਹੁ ਤਜਿ ਬਨ ਖੰਡਿ ਜਾਈਐ, ਚੁਨਿ ਖਾਈਐ ਕੰਦਾ। ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ।' ਇਥੇ ਅੰਤਰ ਮਨ ਵਲ ਹੀ ਇਸ਼ਾਰਾ ਹੈ। (ਹਿੰਦੂਆਂ ਦੇ ਮੰਨੇ ਵਾਨਪ੍ਰਸਤ ਜਾਂ ਸੰਨਯਾਸ ਆਸ਼ਰਮ ਤੇ ਹੋਰ ਅਨੇਕਾਂ ਦੂਜੇ ਮਤਾਂ ਵਾਲਿਆਂ ਅਨੁਸਾਰ) ਜੋ ਵਿਕਾਰਾਂ ਤੋਂ ਛੁਟਕਾਰਾ ਪਾਉਣ ਦਾ ਵਿਚਾਰ ਮਨ ਵਿਚ ਲੈ ਕੇ ਘਰ ਘਾਟ ਛਡ ਕੇ ਜੰਗਲਾਂ ਪਰਬਤਾਂ ਵਿਚ ਜਾ ਰਹਿੰਦੇ, ਤੇ ਕੰਦ-ਮੂਲ ਜੰਗਲੀ ਫਲ ਫੁਲ ਖਾ ਕੇ ਜੀਵਨ ਬਤੀਤ ਕਰਦੇ ਹਨ। ਪਰ ਪਾਪੀ ਮਨ (ਅੰਤਰ ਮਨ ਜੋ ਕਿ ਸੰਸਾਰ ਵਿਚ ਗ੍ਰਿਹਸਤ ਕਰਦਿਆਂ ਪਾਪ ਕਮਾ ਕੇ ਤੇ ਉਹਨਾਂ ਦੇ ਜੇਹੜੇ ਸੰਸਕਾਰ ਕਾਫੀ ਆਯੂ ਤਕ ਅਪਣੇ ਅੰਦਰ ਭਰ ਚੁਕਾ ਹੈ।) ਆਪਣੇ ਅੰਦਰ ਪਾਪਾਂ ਦੇ ਸੰਸਕਾਰਾਂ ਨੂੰ ਫੇਰ ਵੀ ਛੋੜਦਾ ਨਹੀਂ, ਤੇ ਅਨੁਕੂਲ ਸਮਾਂ ਬਨਣ ਤੇ ਅੰਤਰ ਮਨ ਦੇ ਵਿਚ ਭਰੀ ਪਾਪਾਂ ਵਿਕਾਰਾਂ ਦੀ ਰੁਚੀ ਉਠ ਉਠ ਕੇ ਵਿਕਾਰ ਕਰਨ ਲਈ ਉਕਸਾਉਂਦੀ ਤੇ ਕਰਮਾਂ ਰਾਹੀਂ ਪ੍ਰਗਟ ਹੋ ਜਾਂਦੀ ਹੈ। ਸੰਨਿਯਾਸ ਆਦਿ ਹੋਰ ਅਨੇਕਾਂ ਅਨਮਤੀ ਕਰਮਾਂ ਨਾਲ 'ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ।' ਅੰਤਰ ਮਨ ਦੀ ਮੈਲ ਨਹੀਂ ਲਹਿੰਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤਾਂ ਦੀ ਬਾਣੀ, ਅਨੰਦ ਸਾਹਿਬ, ਨੌਵੀਂ ਪਾਤਸ਼ਾਹੀ ਦੀ ਬਾਣੀ ਵਿਚ ਤੇ ਹੋਰ ਬਹੁਤ ਜਗ੍ਹਾ ਅੰਤਰ ਮਨ ਨੂੰ ਵਿਸ਼ੇਸ਼ ਕਰਕੇ ਸੰਬੋਧਨ ਕਰਦਿਆਂ ਉਪਦੇਸ਼ ਦਿਤਾ ਗਇਆ ਹੈ।

ਸਿਨਮਾ ਵੇਖਣ ਵਾਲੇ ਜੇ ਉਪਰੋਕਤ ਅੰਤਰ-ਮਨ ਵਾਲੀ ਵੀਚਾਰ ਉਤੇ ਧਿਆਨ ਦੇਣ ਤਾਂ ਉਹਨਾਂ ਨੂੰ ਸਹੀ ਸਹੀ ਵਿਦਤ ਹੋ ਜਾਵੇਗਾ, ਕਿ ਕਿੰਨਾ ਜ਼ਿਆਦਾ ਨੁਕਸਾਨ ਤੇ ਕਿੰਨਾ ਕੁ ਫਾਇਦਾ ਉਹਨਾਂ ਨੂੰ ਸਿਨਮੇ ਤੋਂ ਹੁੰਦਾ ਹੈ? ਕਿਉਂਕਿ ਕਲਜੁਗ ਦਾ ਪ੍ਰਭਾਵ ਹੈ। 'ਮਾਇਆਧਾਰੀ ਅਤਿ ਅੰਨਾ ਬੋਲਾ।' ਮਾਇਆ ਵਿਹਾਜਣ ਦੇ ਲਈ ਹੀ ਤਕਰੀਬਨ ੯੯ ਫੀ ਸਦੀ ਅਸ਼ਲੀਲ, ਚੰਚਲ ਤੇ ਵਾਸ਼ਨਾ ਭੜਕਾਊ ਫ਼ਿਲਮਾਂ ਬਣਾਉਂਦੇ ਹਨ। ਜੋ ਵੇਖਣ ਵਾਲਿਆਂ ਦੇ ਆਚਰਣ ਨੂੰ ਮਨੋਂ ਤੇ ਤਨੋਂ ਗਿਰਾਉਂਦਾ ਹੈ। ਅੰਧ ਲੁਕਾਈ ਵੀ ਅੰਧਿਆਂ ਦੇ ਫੰਦੇ ਵਿਚ ਐਸੇ ਗੰਦੇ-ਭਦੇ ਸਿਨਮਿਆਂ ਨੂੰ ਦੇਖ ਦੇਖ ਫੁਲੀ ਨਹੀਂ ਸਮਾਉਂਦੀ। ਸਿਨਮਾ ਵੇਖਣਾ ਰੇਡੀਉ ਤੋਂ ਇਸ ਦੇ ਗੰਦੇ ਗੀਤ ਸੁਨਣੇ ਤੇ ਹੋਰ ਨਾਚ ਰੰਗ ਤੇ ਕੰਜਰਾਂ ਵਾਲੇ ਪਰੋਗਰਾਮ ਵੇਖਣੇ ਇਹਨਾਂ ਲੋਕਾਂ ਨੇ ਅਪਣੇ ਸਭਯ ਕਹਾਉਣ ਦਾ ਸਾਧਨ ਵੀ ਸਮਝਿਆ ਹੋਇਆ ਹੈ। ਇਹ ਲੋਕ ਆਮ ਕਹਿੰਦੇ ਹਨ ਕਿ ਮਨ ਸ਼ੁਧ



www.AKJ.Org

ਹੋਣਾ ਚਾਹੀਦਾ ਹੈ । ਅਸੀਂ ਤਾਂ ਸਿਨਮੇ ਤੋਂ ਚੰਗੀਆਂ ਗੱਲਾਂ ਗ੍ਰਹਿਣ ਕਰਦੇ ਤੇ ਬੁਰੀਆਂ ਛਡ ਦਿੰਦੇ ਹਾਂ । ਪਰ ਇਹਨਾਂ ਮਨਮਤੀ ਵਿਚਾਰਿਆਂ ਦੀ ਇਹ ਕੇਵਲ ਉਪਰੋਂ ਕਹਿਣ ਵਾਲੀ ਗਲ ਹੈ । ਵਿਚੋਂ ਗੰਦ ਵਿਹਾਜਣ ਦਾ ਇਹਨਾਂ ਨੂੰ ਚਸਕਾ ਪੈ ਗਿਆ ਹੁੰਦਾ ਹੈ । ਇਹਨਾਂ ਨੂੰ ਪਤਾ ਨਹੀਂ ਕਿ ਅੰਤਰਮਨ ਕਿਸ ਅਸਰ ਨੂੰ ਕਬੂਲ ਕੇ ਪੰਡਾਂ ਬਨ੍ਹ ਰਿਹਾ ਹੈ । ਰੂੜੇ ਗੰਦਗੀ ਦੇ ਭਰੇ ਤਲਾਉ ਵਿਚ ਜੇ ਦੋ ਚਾਰ ਤੋਲੇ ਅਤਰ ਪਾ ਦਿਤਾ ਜਾਵੇ ਤਾਂ ਉਸ ਦੀ ਗੰਦਗੀ ਤੇ ਦੁਰਗੰਧ ਦੂਰ ਨਹੀਂ ਹੋ ਜਾਂਦੀ ਤੇ ਐਸੇ ਗੰਦੇ ਤਲਾਉ ਵਿਚ ਟੁਭੀਆਂ ਲਾਉਣ ਵਾਲੇ ਜੇ ਇਹ ਕਹਿਣ ਕਿ ਸਾਨੂੰ ਗੰਦਗੀ ਨਹੀਂ ਲਗੀ, ਅਸੀਂ ਤਾਂ ਅਤਰ ਦੀ ਖੁਸ਼ਬੋ ਸੁੰਘੀ ਹੈ ਤਾਂ ਇਹ ਉਹਨਾਂ ਦੀ ਮਹਾਂ ਮੂਰਖਤਾ ਹੀ ਹੈ । ਗੰਦਗੀ ਜ਼ਰੂਰ ਉਹਨਾਂ ਨੂੰ ਰੋਗੀ ਕਰੇਗੀ ਹੀ । ਜੇ ਸਿਨਮੇ ਵਿਚ ਕੁਝ ਚੰਗੀਆਂ ਗੱਲਾਂ ਵੀ ਹੋਣ ਤਾਂ ਆਮ ਤੌਰ ਤੇ ਗੰਦ ਇਤਨਾ ਜ਼ਿਆਦਾ ਹੁੰਦਾ ਹੈ ਕਿ ਅੰਤਰਮਨ ਤੇ ਇਸ ਗੰਦ ਦੀਆਂ ਪਰਤਾਂ ਜਮ੍ਹਾਂ ਹੁੰਦੀਆਂ ਜਾਂਦੀਆਂ ਹਨ । ਇਹਨਾਂ ਹੀ ਲੋਕਾਂ ਨੂੰ ਬਚਿਆਂ ਦੇ ਵਿਗੜ ਜਾਣ ਦੀ ਸ਼ਕਾਇਤ ਆਮ ਹੁੰਦੀ ਹੈ, ਜਿਸਦਾ ਕਾਰਨ ਉਹ ਖੁਦ ਹੁੰਦ ਹਨ । ਇਹ ਮਾਪੇ ਬਚਿਆਂ ਨੂੰ ਆਪਣੇ ਨਾਲ ਹੀ ਸਿਨਮੇ ਲੈਜਾਣ ਨੂੰ ਵਡਾ ਸਭਿਆਚਾਰ ਗਿਣਦੇ ਹਨ । ਬਚੇ ਕਿਉਂ ਨਾ ਵਿਗੜਨ । ਉਹ ਤਾਂ ਉਹੀ ਕੁਛ ਕਰਨਗੇ ਜੋ ਕਿ ਓਹਨਾਂ ਦੇ ਮਾਪਿਆਂ ਨੇ ਨਿਸੰਗ ਹੋ ਕੇ ਸਿਨਮੇ ਵਿਚ ਉਹਨਾਂ ਨੂੰ ਆਪਣੇ ਨਾਲ ਵਿਖਾਇਆ, ਪਰ ਜਦ ਉਸੇ ਸਿਨਮੇ ਵਿਚ ਵਰਤੇ ਸੀਨ (ਜਿਨ੍ਹਾਂ ਸਿਨਮਿਆਂ ਦੀਆਂ ਗੱਲਾਂ ਤੇ ਚਰਚਾ ਉਹ ਆਪਣੇ ਸਾਥੀਆਂ ਨਾਲ ਕਰਦੇ ਨਹੀਂ ਥਕਦੇ) ਦੀ ਪ੍ਰਤੱਖ ਨਕਲ ਉਹਨਾਂ ਦੇ ਬਚੇ ਜੀਵਨ ਵਿਚ ਘਟਾ ਕੇ ਵਖਾਉਂਦੇ ਹਨ, ਤਾਂ ਇਹਨਾਂ ਮਾਪਿਆਂ ਨੂੰ ਸੰਤਾਪ ਹੁੰਦਾ ਹੈ, ਉਸ ਵਕਤ ਸਿਰ ਪਿਟਦੇ ਹਨ । ਸਿਨਮਾ ਤਾਂ ਉਹਨਾਂ ਨੂੰ ਚੰਗਾ ਲਗਾ ਸੀ । ਪਰ ਆਪਣੇ ਬਚਿਆਂ ਤੇ ਆਪਣੇ ਘਰ ਵਿਚ ਵਰਤਦਾ ਪ੍ਰਤੱਖ ਸਿਨਮਾ ਉਹਨਾਂ ਦੀਆਂ ਆਂਦਰਾਂ ਕਢਦਾ ਉਹਨਾਂ ਨੂੰ ਭਾਸਦਾ ਹੈ ।

ਗੁਰਸਿਖਾਂ ਨੂੰ ਇਹ ਝੂਠੇ ਸਿਨਮੇ, ਗੰਦੇ ਭਦੇ ਗੀਤ ਕਦੇ ਨਹੀਂ ਭਾਉਂਦੇ, ਉਹਨਾਂ ਦੇ ਭਾਣੇ ਜਗਤ ਹੀ ਸਿਨਮਾ ਹੈ । ਪਰ ਉਸ ਵਿਚ ਰਹਿੰਦਿਆਂ ਹੋਇਆਂ ਵੀ ਗੁਰਬਾਣੀ ਆਸਰੇ ਲਿਪਾਇਮਾਨ ਨਹੀਂ ਹੁੰਦੇ । ਉਹਨਾਂ ਦਾ ਮਨੋਰੰਜਨ ਤਾਂ ਗੁਰਬਾਣੀ ਦਾ ਪਾਠ, ਵੀਚਾਰ, ਕੀਰਤਨ, ਗੁਰਸਿਖਾਂ ਨਾਲ ਵਾਰਤਾਲਾਪ ਤੇ ਸਾਧ ਸੰਗਤ ਹੀ ਹੈ । ਗੁਰੂ ਕਾ ਹੁਕਮਾਂ ਸਿਰ ਹੁਕਮ ਨਾਮ ਉਹਨਾਂ ਦਾ 'ਨਾਮੁ ਧਨੁ ਨਾਮੋ ਰੂਪੁ ਰੰਗੁ । ਨਾਮੋ ਸੁਖੁ ਹਰਿ ਨਾਮ ਕਾ ਸੰਗੁ ।' ਸਭ ਕੁਛ ਹੈ । ਨਾਮ ਰਸ ਨਾਲ ਤ੍ਰਿਪਤ ਹੋਣ, 'ਸਾਚੇ ਨਾਮ ਕੀ ਲਾਗੈ ਭੂਖ ।' ਤੇ ਤੋਰ ਭਜਨ ਕੀ ਰਹੈ ਪਿਆਸਾ' ਦੇ ਚਾਹਵਾਨਾਂ ਨੂੰ, ਜਿਨ੍ਹਾਂ ਨੂੰ ਇਕ ਖਿਨ ਨਾਮ ਤੋਂ ਵਿਸਰਨ ਦਾ ਗੁਰੂ ਹੁਕਮ ਨਹੀਂ, ਉਹ ਕਿਸ ਤਰ੍ਹਾਂ ਤਿੰਨ ੨ ਘੰਟੇ ਸਿਨਮੇ ਦੇ ਬਿਖ ਵਿਹਾਝ ਸਕਦੇ ਹਨ ? ਦਰਸਨੁ ਦੇਖਿ ਜੀਵਾ ਗੁਰ ਤੇਰਾ' ਅਤੇ 'ਮੇਰੇ ਮੋਹਨ ਸ੍ਰਵਨੀ ਇਹ ਨ ਸੁਣਾਇ । ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ।' ਦੀਆਂ ਅਰਦਾਸਾਂ ਕਰਨ ਵਾਲੇ ਗੁਰਸਿਖ ਮੀਤ ਪਿਆਰਿਆਂ ਨੂੰ ਤਾਂ ਕੀਰਤਨ ਕਰਨਾ ਸੁਨਣਾ ਹੀ ਭਾਉਂਦਾ ਹੈ । ਸਿਨਮੇ ਦਾ ਦੋ ਤਿੰਨ ਘੰਟੇ ਦਾ ਅਸਰ, ਵੇਖਣ ਵਾਲਿਆਂ ਤੇ ਜਿਤਨਾ ਗਹਿਰਾ ਪੈਂਦਾ ਹੈ ਉਹ ਕਈ ਸਾਲਾਂ ਦੇ ਜੀਵਨ ਵਿਚ ਅੰਤਰਮਨ ਤੇ ਪੈ ਸਕਦਾ ਹੈ । ਰਾਤ ਨੂੰ ਸਿਨਮਾ ਦੇਖ ਕੇ ਆਇਆ ਜੇ ਕੋਈ ਅੰਮ੍ਰਿਤ ਵੇਲੇ ਨਾਮ ਅਭਿਆਸ ਵਿਚ ਲਗੇ ਤਾਂ ਉਸਨੂੰ ਕੇਵਲ ਸਿਨਮੇ ਦੇ ਸੀਨ ਹੀ ਨਜ਼ਰ ਆਉਣਗੇ ਤੇ ਕਈ ਦਿਨਾਂ ਤਕ ਖਹਿੜਾ ਨਹੀਂ ਛਡਣਗੇ । ਸੋ ਨਾਮ ਅਭਿਆਸੀ ਗੁਰੂ ਕੇ ਸਿਖ ਲਈ ਤਾਂ ਇਹ 'ਜੈ ਤਨ ਬਾਣੀ ਵਿਸਰ ਜਾਇ । ਜਿਉ ਪਕਾ ਰੋਗੀ ਵਿਲਲਾਇ ।' ਕੋਹੜ ਦੇ ਰੋਗ ਨੂੰ ਸਹੇੜਨ ਤੁਲ ਹੈ । ਕਈਆਂ ਨੂੰ ਸ਼ਕਾਇਤ ਹੁੰਦੀ ਹੈ ਕਿ ਮਨ ਨਹੀਂ ਟਿਕਦਾ । ਅਸੀਂ ਪਾਠ ਕਰਦੇ ਹਾਂ ਕੀਰਤਨ ਵੀ ਸੁਣਦੇ ਹਾਂ । ਜਿਹੜਾ ਮਨ ਦਿਨ ਭਰ ਦੇ ਕੰਮਾਂ ਧੰਦਿਆਂ ਵਿਚ ਬੁਰੀ ਤਰ੍ਹਾਂ ਖਚਤ, ਨਿੰਦਿਆ, ਬਖ਼ੀਲੀ, ਗੱਪਾਂ, ਸਰੀਰਕ ਫੈਸ਼ਨਾਂ, ਲਾਲਚਾਂ ਵਿਚ ਰੁਝਿਆ ਤੇ ਤਿੰਨ ਤਿੰਨ ਘੰਟੇ ਸਿਨਮੇ*



www.AKJ.Org

# ਇਹ ਕੀ ?

§ § § § §

ਵਲੋਂ :
ਸ: ਨਰਿੰਦਰਬੀਰ ਸਿੰਘ
ਸਕੱਤ੍ਰ, ਗੁਰੂ ਨਾਨਕ ਮਿਸ਼ਨ ਸੋਸਾਇਟੀ, ਦਿੱਲੀ
*

'ਨਾਨਕ ਨਾਮ ਜਹਾਜ਼ ਹੈ' ਫ਼ਿਲਮ ਦੀ ਅਜ ਕਲ ਬੜੀ ਚਰਚਾ ਹੋ ਰਹੀ ਹੈ ਅਤੇ ਕਿਹਾ ਜਾਂਦਾ ਹੈ ਕਿ ਜਿਸਨੇ ਭੀ ਇਸ ਫ਼ਿਲਮ ਨੂੰ ਵੇਖ ਲਿਆ ਹੈ, ਉਹੋ ਹੀ ਇਸ ਦਾ ਆਸ਼ਕ ਹੋ ਗਿਆ ਹੈ ਅਤੇ ਇਸ ਦੇ ਗੁਣ ਗਾਉਂਦਾ ਨਜ਼ਰ ਆਉਂਦਾ ਹੈ। ਇਥੋਂ ਤਕ ਕਿ ਲੋਕਾਂ ਨੇ ਇਸ ਫ਼ਿਲਮ ਨੂੰ ਇਕ ਤੋਂ ਵਧੇਰੇ ਵਾਰੀ ਵੀ ਦੇਖਿਆ ਹੈ।

ਸਿਖ ਇਤਿਹਾਸ ਵਿਚ ਇਹ ਪਹਿਲੀ ਫ਼ਿਲਮ ਹੈ ਜਿਸਦੀ ਪ੍ਰਵਾਨਗੀ ਸਿਖਾਂ ਦੀ ਸਭ ਤੋਂ ਵਡੀ ਜਥੇਬੰਦੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਭੀ ਦੇ ਦਿਤੀ ਹੈ। ਅਸਲ ਵਿਚ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਹਿ ਸਿੰਘ ਜੀ ਅਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਦੀ ਆਗਿਆ ਨਾਲ ਹੀ ਇਹ ਫ਼ਿਲਮ ਤਿਆਰ ਕੀਤੀ ਗਈ ਹੈ। ਇਹ ਭੀ ਕਹਿੰਦੇ ਸੁਣਿਆ ਗਿਆ ਹੈ ਕਿ ਇਹ ਫ਼ਿਲਮ ਸਿਖ ਧਰਮ ਦੇ ਪ੍ਰਚਾਰ ਲਈ ਬਨਾਣ ਦੀ ਆਗਿਆ ਦਿਤੀ ਗਈ ਹੈ।

ਇਸ ਵਿਚ ਸੰਦੇਹ ਨਹੀਂ ਕਿ ਇਸ ਫ਼ਿਲਮ ਨੂੰ ਬੜਾ ਸਲਾਹਿਆ ਜਾ ਰਿਹਾ ਹੈ ਅਤੇ ਇਸਨੇ ਜ਼ਰੂਰਤ ਤੋਂ ਜ਼ਿਆਦਾ ਆਪਣੇ ਮੁਰੀਦ ਬਣਾ ਲਏ ਹਨ, ਪਰ ਵਿਚਾਰਨ ਵਾਲੀ ਗਲ ਇਹ ਹੈ ਕਿ ਕੀ ਇਹ ਜਾਂ ਇਸ ਕਿਸਮ ਦੀਆਂ ਹੋਰ ਫ਼ਿਲਮਾਂ ਬਨਾਉਣਾ ਗੁਰਮਤਿ ਅਨੁਕੂਲ ਹੈ ਜਾਂ ਨਹੀਂ, ਅਤੇ ਜੇਕਰ ਇਸ ਪ੍ਰਕਾਰ ਦੀਆਂ ਫ਼ਿਲਮਾਂ ਬਨਾਉਣ ਦੀ ਖੁਲ੍ਹ ਦੇ ਦਿਤੀ ਜਾਵੇ, ਤਾਂ ਕੀ ਸਿਖ ਧਰਮ ਦਾ ਲੋੜੀਂਦਾ ਪ੍ਰਚਾਰ, ਜੈਸਾ ਕਿ ਕਿਹਾ ਜਾ ਰਿਹਾ ਹੈ, ਹੋਏਗਾ ਜਾਂ ਨਹੀਂ, ਸਿਖ ਧਰਮ ਅਸਥਾਨਾਂ ਦੀ ਪਵਿਤਰਤਾ ਅਤੇ ਮਹਾਨਤਾ ਕਾਇਮ ਰਹੇਗੀ ਜਾਂ ਨਹੀਂ, ਅਤੇ ਕੀ ਆਉਣ ਵਾਲੇ ਭਵਿਸ਼ ਵਿਚ ਸਿਖ ਜਨਤਾ ਦੀ ਸ਼ਰਧਾ ਉਸੇ ਪ੍ਰਕਾਰ ਬਣੀ ਰਹੇਗੀ, ਜਾਂ ਪਵਿਤ੍ਰ ਅਸਥਾਨਾਂ ਤੇ ਜਾ ਕੇ ਭੀ ਫ਼ਿਲਮ ਐਕਟਰਾਂ ਦੇ ਹੀ ਦਰਸ਼ਨ ਹੋਣਗੇ

*ਤੇ ਨਾਚ ਰੰਗ ਵੇਖ ਲੈਂਦਾ ਹੈ। ਜੇ ਕੇਵਲ ਅੱਧਾ ਘੰਟਾ ਪਾਠ ਤੇ ਕੀਰਤਨ ਵਿਚ ਬੈਠ ਕੇ ਇਸ ਮਨ ਨੂੰ ਟਿਕਾਉਣਾ ਲੋੜੀਏ ਤਾਂ ਇਹ ਗਲ ਅਸੰਭਵ ਹੀ ਲਗਦੀ ਹੈ, ਕਿਉਂਕਿ ਜਿਸਦਾ ਰੁਖ ਹੀ ਬਹੁਤ ਜ਼ਿਆਦਾ (ਤਕਰੀਬਨ ਸਾਰਾ) ਦੂਜੇ ਭਾਵ ਵਿਚ ਹੋਵੇ, ਉਸਨੂੰ ਇਸ ਤਰਫ਼ ਲਾਉਣਾ ਕੋਈ ਆਸਾਨ ਗਲ ਨਹੀਂ। ਜਿਸ ਮਨ ਨੂੰ ਪਹਿਲਾਂ ਹੀ ਜਨਮਾਂ ਜਨਮਾਂਤ੍ਰਾਂ ਦੀ ਮੈਲ ਲਗੀ ਹੈ। ਉਸ ਲਈ ਤਾਂ ਲਗਾਤਾਰੀ ਸਾਧ ਸੰਗਤ ਦੀ ਲੋੜ ਹੈ। ਇਸੇ ਲਈ ਗੁਰਬਾਣੀ ਸਦਾ ਸਾਧ ਸੰਗਤ ਲਈ ਪ੍ਰੇਰਦੀ ਹੈ, ਤਾਂਕਿ ਪਹਿਲਾਂ ਅੰਤਰਮਨ ਨੂੰ ਬੁਰੇ ਪਾਸੇ ਲਗਣ ਦਾ ਮੌਕਾ ਹੀ ਨਾ ਮਿਲੇ, ਤੇ ਹੋਰ ਅਵਗੁਣਾਂ ਨੂੰ ਸੰਗ੍ਰਹਿ ਨ ਕਰ ਸਕੇ ਤੇ ਜੇਹੜੇ ਕੁਸੰਸਕਾਰ ਪਹਿਲਾਂ ਤੋਂ ਭਰੇ ਹਨ, ਉਹ ਗੁਰਮਤਿ ਨਾਮ ਦੇ ਜਪਣ ਤੇ ਬਾਣੀ ਦੇ ਪਾਠ ਨਾਲ ਨਿਕਲ ਜਾਣ ਤੇ ਉਹਨਾਂ ਦੀ ਥਾਂ ਨਾਮੀ ਗੁਣ ਲੈਂਦੇ ਜਾਣ ਤੇ ਇਸ ਤਰ੍ਹਾਂ ਨਾਮ ਦਾ ਨਿਵਾਸ ਹੋ ਕੇ ਅੰਤਰਮਨ ਏਕਸ ਦੀ ਲਿਵ ਟਿਕਣ ਜੋਗਾ ਹੋ ਜਾਵੇ।

ਆਵਉ ਗੁਰਸਿਖ ਮੀਤ ਪਿਆਰਿਉ ਗੁਰਦੇਵ ਪਿਤਾ ਜੀ ਤੋਂ ਸਦ-ਸਦਾ ਲਈ ਸਾਧ ਸੰਗਤ ਦੀ ਜਾਚਨਾ ਕਰੀਏ।

'ਸਾਧ ਸੰਗਿ ਪ੍ਰਭੁ ਦੇਹੁ ਨਿਵਾਸੁ।
ਸਰਬ ਸੂਖ ਨਾਨਕ ਪਰਗਾਸੁ।'



www.AKJ.Org

ਅਤੇ ਗੁਰੂ ਦੀ ਮਤਿ ਭੁਲ ਜਾਵੇਗੀ। ਇਹ ਗਲ ਕੋਈ ਭੀ ਮੰਨਣ ਤੋਂ ਇਨਕਾਰੀ ਨਹੀਂ ਹੋ ਸਕਦਾ ਕਿ ਭੈੜੀ ਚੀਜ਼ ਦਾ ਮਨੁਖ ਦੇ ਮਨ ਤੇ ਜਲਦੀ ਅਸਰ ਹੁੰਦਾ ਹੈ ਅਤੇ ਚੰਗੀ ਚੀਜ਼ ਗ੍ਰਹਿਣ ਕਰਨ ਵਿਚ ਮਨੁਖ ਸਮਾ ਲੈਂਦਾ ਹੈ।

ਸਿਖ ਧਰਮ ਦੀ ਇਹ ਇਕ ਮਹਾਨ ਵਿਸ਼ੇਸ਼ਤਾ ਹੈ ਕਿ ਇਹ ਧਰਮ ਕਥਨੀ ਤੇ ਨਹੀਂ ਬਲਕਿ ਕਰਣੀ ਤੇ ਨਿਰਧਾਰਿਤ ਹੈ। ਪ੍ਰਚਾਰ ਕਦੀ ਭੀ ਕਥਨੀ ਨਾਲ ਨਹੀਂ ਬਲਕਿ ਸਾਡੇ ਪ੍ਰਚਾਰਕਾਂ, ਲੀਡਰਾਂ ਅਤੇ ਹੋਰ ਪਤਵੰਤੇ ਸਜਣਾਂ ਦੇ ਜੀਵਨ ਨਾਲ ਹੋ ਸਕਦਾ ਹੈ। ਅਸੀਂ ਦਿਨ ਬਦਿਨ ਕਰਣੀ ਵਿਚ ਗਿਰਦੇ ਜਾਂਦੇ ਹਾਂ ਅਤੇ ਪ੍ਰਚਾਰ ਕਰਨ ਦੀ ਆੜ (ਆਸਰੇ) ਹੇਠ ਗੁਰਮਤਿ ਵਿਰੁਧ ਕਦਮ ਚੁਕਣ ਵਿਚ ਭੀ ਸੰਕੋਚ ਨਹੀਂ ਕਰਦੇ। ਸਿਖ ਧਰਮ ਦੇ ਸੰਬੰਧ ਵਿਚ ਬਣਾਈ ਗਈ ਕੋਈ ਭੀ ਫ਼ਿਲਮ ਇਹੋ ਜੇਹੀ ਨਹੀਂ ਹੋ ਸਕਦੀ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਹਾਜ਼ਰ ਨਾ ਹੋਵੇ, ਅਤੇ ਫ਼ਿਲਮ ਐਕਟਰਾਂ ਤੋਂ ਆਪਣੇ ਗੁਰੂ ਸਾਹਿਬਾਨ ਦਾ ਯੋਗ ਆਦਰ ਸਨਮਾਨ ਉਮੀਦ ਕਰਨਾ ਭਾਰੀ ਭੁਲ ਹੋਵੇਗੀ। ਸ਼ਰਾਬ ਆਦਿ ਤੋਂ ਬਿਨਾਂ ਤਾਂ ਉਹਨਾਂ ਲਈ ਕੋਈ ਭੀ ਕੰਮ ਕਰਨਾ ਔਖਾ ਹੁੰਦਾ ਹੈ। ਐਸੀ ਦਸ਼ਾ ਵਿਚ ਗੁਰੂ ਸਾਹਿਬਾਨ ਦੀ ਨਿਰਾਦਰੀ ਦੇ ਜ਼ਿਮੇਂਵਾਰ ਉਹ ਐਕਟਰ ਨਹੀਂ ਬਲਕਿ ਉਹ ਲੀਡਰ ਹਨ ਜਿਨ੍ਹਾਂ ਨੇ ਇਹੋ ਜਹੀਆਂ ਫਿਲਮਾਂ ਬਨਾਉਣ ਦੀ ਆਗਿਆ ਦਿਤੀ ਹੈ। ਇਸ ਤੋਂ ਇਲਾਵਾ ਫਿਲਮ ਦੀ ਸ਼ੂਟਿੰਗ ਸਮੇਂ ਭੀ ਗੁਰੂ ਸਾਹਿਬਾਂ ਦਾ ਪੂਰਾ ਪੂਰਾ ਸਤਿਕਾਰ ਸੰਭਵ ਨਹੀਂ ਹੋਵੇਗਾ।

ਇਕ ਵੇਰੀ ਦਿਤੀ ਗਈ ਖੁਲ੍ਹ ਨੂੰ ਦੁਬਾਰਾ ਠਲ੍ਹਣਾਂ ਮੁਸ਼ਕਲ ਹੀ ਨਹੀਂ ਬਲਕਿ ਅਸੰਭਵ ਭੀ ਹੈ। ਅਤੇ ਇਹ ਭੀ ਕੀ ਗਾਰੰਟੀ ਹੈ ਕਿ ਅਗੋਂ ਬਣਨ ਵਾਲੀਆਂ ਸਿਖ ਧਰਮ ਸਬੰਧੀ ਸਾਰੀਆਂ ਹੀ ਫਿਲਮਾਂ ਸਿਖ ਰਵਾਇਤਾਂ ਨੂੰ ਕਾਇਮ ਰਖ ਸਕਣਗੀਆਂ, ਜਦਕਿ ਪਹਿਲੀ ਫਿਲਮ ਵਿਚ ਹੀ 'ਵਾਹਿਗੁਰੂ ਨਾਮ ਜਹਾਜ਼ ਹੈ' ਦੀ ਥਾਂ 'ਨਾਨਕ ਨਾਮ ਜਹਾਜ਼ ਹੈ' ਨਾਮ ਰੱਖ ਦਿਤਾ ਹੈ ਜੋ ਕਿ ਗੁਰਮਤਿ ਦੀ ਕਸਵਟੀ ਤੇ ਬਿਲਕੁਲ ਹੀ ਪਾਰ ਨਹੀਂ ਉਤਰਦਾ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਦਸਮ ਪਾਤਸ਼ਾਹ ਤਕ ਕਿਸੇ ਭੀ ਗੁਰੂ ਸਾਹਿਬ ਨੇ ਆਪਣੇ ਨਾਮ ਦਾ ਪ੍ਰਚਾਰ ਨਹੀਂ ਕੀਤਾ ਬਲਕਿ ਆਪਣੇ ਆਪ ਨੂੰ ਵਾਹਿਗੁਰੂ ਅਕਾਲ ਪੁਰਖ ਦਾ ਦਾਸ ਦਸਿਆ ਅਤੇ ਉਸੇ ਦਾ ਨਾਮ ਲੈਣ ਨਾਲ ਮਨੁਖਾਂ ਦਾ ਨਿਸਤਾਰਾ ਦਸਿਆ ਹੈ। ਬਾਬਾ ਰਾਮ ਰਾਇ ਜੀ ਨੂੰ ਇਕ ਅਖਰ ਦੀ ਬਦਲੀ ਬਦਲੇ ਮੂੰਹ ਨਾ ਲਗਣ ਦਾ ਹੁਕਮ ਹੋਇਆ, ਪਰ ਇਥੇ ਇਕ ਗੁਰਮਤਿ ਦੇ ਅਸੂਲ ਨੂੰ ਤੋੜਨ ਵਾਲਿਆਂ ਦੀ ਸ਼ਲਾਘਾ ਕੀਤੀ ਜਾ ਰਹੀ ਹੈ, ਅਤੇ ਪੰਥਕ ਮੁਖ ਜਥੇਬੰਦੀਆਂ ਉਸ ਦੀ ਪ੍ਰਵਾਨਗੀ ਦੇ ਰਹੀਆਂ ਹਨ, ਸਰੋਪਾਉ ਭੇਟ ਕੀਤੇ ਜਾ ਰਹੇ ਹਨ। ਬੀਜ ਕੋਈ ਬੋਂਦਾ ਹੈ ਅਤੇ ਫਲ ਉਸ ਦਾ ਕੋਈ ਹੋਰ ਹੀ ਖਾਂਦਾ ਹੈ। ਇਥੇ ਭਾਵਾਂ ਗਲਤੀ ਕਿਸੇ ਦੀ ਭੀ ਹੋਵੇ ਲੇਕਿਨ ਇਸ ਦਾ ਹਰਜਾਨਾ ਸਾਰੀ ਕੌਮ ਨੂੰ ਭੁਗਤਨਾ ਪਵੇਗਾ। ਉਹ ਸਮਾਂ ਸੀ ਕਿ ਗੁਰਮਤਿ ਤੋਂ ਉਲਟ ਚਲਣ ਵਾਲੇ ਨੂੰ, ਭਾਵੇਂ ਉਹ ਮਹਾਰਾਜਾ ਰਣਜੀਤ ਸਿੰਘ ਹੀ ਕਿਉਂ ਨਾ ਹੋਵੇ, ਕੋਰੜਿਆਂ ਦਾ ਹੁਕਮ ਹੋ ਜਾਂਦਾ ਸੀ, ਪਰ ਹੁਣ ਕੌਮ ਸਭ ਕੁਛ ਵੇਖਦਿਆਂ ਸੁਣਦਿਆਂ ਭੀ ਸੁਤੀ ਪਈ ਹੈ। ਉਹ ਸਮਾਂ ਸੀ ਕਿ ਜਦੋਂ ਅਰਦਾਸਾ ਕਰਕੇ ਅਟਕ ਵਰਗੇ ਦਰਿਆਵਾਂ ਨੂੰ ਭੀ ਅਟਕਾ ਦਿਤਾ ਜਾਂਦਾ ਸੀ ਅਤੇ ਵਿਸ਼ਵਾਸ ਅਤੇ ਦ੍ਰਿੜ੍ਹਤਾ ਕਾਇਮ ਰਹਿੰਦੀ ਸੀ, ਪਰ ਅਜ ਉਹ ਸਮਾਂ ਭੀ ਆ ਗਿਆ ਹੈ ਜਦ ਸਾਡੇ ਲੀਡਰ ਅਕਾਲ ਤਖਤ ਸਾਹਿਬ ਤੇ ਪ੍ਰਣ ਕਰਕੇ ਉਸ ਨੂੰ ਇਕ ਵਾਰ ਨਹੀਂ ਬਲਕਿ ਕਈ ਵਾਰ ਤੋੜ ਦੇਂਦੇ ਹਨ ਅਤੇ ਕੌਮ ਫਿਰ ਭੀ ਉਹਨਾਂ ਨੂੰ ਆਪਣਾ ਲੀਡਰ ਸਵੀਕਾਰ ਕਰਦੀ ਹੈ। ਕਹਿਣ ਤੋਂ ਭਾਵ ਇਹ ਕਿ ਸਾਡੇ ਲੀਡਰ ਕੁਝ ਭੀ ਕਰਨ—ਗਲਤ ਜਾਂ ਠੀਕ—ਅਸੀਂ ਉਸ ਨੂੰ ਸੋਚੇ ਸਮਝੇ ਬਿਨਾਂ ਹੀ ਮੰਨੀ ਜਾਂਦੇ ਹਾਂ।

ਉਹ ਕੌਮਾਂ ਆਪਣੇ ਆਪ ਨੂੰ ਜੀਵਤ ਨਹੀਂ ਰਖ ਸਕਦੀਆਂ ਜੋ ਅਪਣੀਆਂ ਪੁਰਾਤਨ ਰਵਾਇਤਾਂ ਨੂੰ ਕਾਇਮ ਰਖਣ ਵਿਚ ਕਾਮਯਾਬ ਨਾ ਹੋਣ। ਇਸ*



www.AKJ.Org

# ਤਿੰਨ ਰਾਤਾਂ

ਵਲੋਂ :
ਸ. ਜੀ. ਬੀ. ਸਿੰਘ ਡੇਹਰਾਦੂਨ *

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ।
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ।

ਪੰਛੀ ਇਕੋ ਰੰਗ ਦੇ ਹਨ, ਪਰ ਭੇਦ ਹੈ ਬੋਲੀ ਵਿਚ। ਇਕ ਦੀ ਬੋਲੀ ਇਸ ਤਰ੍ਹਾਂ ਦੀ ਹੈ ਜੋ ਹਰ ਪ੍ਰਾਣੀ ਘਿਰਨਾ ਕਰਦਾ ਹੈ, ਤੇ ਦੂਸਰੇ ਦੀ ਆਪ-ਮੁਹਾਰੇ ਦਿਲ-ਖਿਚਵੀਂ ਲੈਅ ਪੈਦਾ ਕਰਦਾ ਹੈ, ਉਹ ਹਨ ਕਾਂ ਅਤੇ ਕੋਇਲ। ਇਸ ਤਰ੍ਹਾਂ ਸੰਸਾਰ ਵਿਚ ਮਾਨੁਖ ਜੀਵ ਅਨੇਕਾਂ ਪ੍ਰਕਾਰ ਦੇ ਹਨ, ਪਰ ਭੇਦ ਹੈ ਉਹਨਾਂ ਦੀ ਜੀਵਨੀ ਤੇ, ਇਕ ਰਾਜ ਭਾਗ ਪਾ ਕੇ ਮਾਲਕ ਦੀਆਂ ਦਿਤੀਆਂ ਵਸਤੂਆਂ ਵਿਚ ਗਲਤਾਨ ਹਨ, ਤੇ ਵਿਕਾਰਾਂ ਵਿਚ ਸਮਾਂ ਬਤੀਤ ਕਰ ਰਹੇ ਹਨ, ਇਕ ਹਨ ਮਰਜੀਵੇ, ਜੀਉਂਦੇ ਹਨ ਸੰਸਾਰ ਵਿਚ, ਖਾਂਦੇ ਹਨ, ਪਹਿਨਦੇ ਹਨ, ਰਾਜ ਭਾਗ ਵਿਚ ਹਨ, ਦੁਖ ਸੁਖ ਦੇ ਝੂਟੇ ਵੀ ਲੈਂਦੇ ਹਨ, ਪਰ ਨਿਰਲੇਪ ਅਤੇ ਅਡੋਲ ਕੰਵਲ ਦੇ ਫੁਲ ਵਾਂਗੂ ਖਿੜੇ ਰਹਿਣਾ, ਜਿਵੇਂ ਮਨਸੂਰ ਸੂਲੀ ਤੇ ਚੜ੍ਹਿਆ ਹੋਇਆ ਵੀ ਐਨਲ-ਹਕ ਐਨਲ-ਹਕ ਦਾ ਨਾਹਰਾ ਨਹੀਂ ਸੀ ਵਿਸਾਰਦਾ। ਇਸ ਤਰ੍ਹਾਂ ਇਕ ਵਿਅਕਤੀ ਕੀ ਵੇਖਦਾ ਹਾਂ, ਸਰੀਰ ਨਿਰਬਲ ਹੈ, ਪਰ ਖੇੜਾ ਅਤੇ ਮਸਤਕ ਤੇ ਜਲਾਲ ਇੰਨਾਂ ਹੈ ਕਿ ਪੂਰਨਮਾਂ ਦਾ ਚੰਦ ਵੀ ਇਸ ਤੋਂ ਹੇਠ ਹੈ, ਇਸ ਤਰ੍ਹਾਂ ਜੀਵਨ ਬਤੀਤ ਕਰ ਰਿਹਾ ਹੈ, ਨਾਨਕ ਫ਼ਕੀਰ ਮੈਂ ਤੇਰਾ, ਨਾਨਕ ਮੈਂ ਤੇਰਾ।

ਇਕ ਦਿਨ ਸ਼ਬਦ ਦੇ ਇਸ ਆਸ਼ੇ ਨੂੰ ਮੁਖ ਰਖਕੇ— ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।

ਹਉ ਭਾਲਿ ਵਿਕੁੰਨੀ ਹੋਈ।
ਆਧੇਰੈ ਰਾਹੁ ਨ ਕੋਈ।

ਇਕ ਐਸੇ ਨਾਦ ਦੀ ਧੁੰਨ ਵਿਚ ਗਾ ਰਿਹਾ ਹੈ ਕਿ ਸੁਰਤ ਮਾਂ ਦੀਆਂ ਅੱਖਾਂ ਚੋਂ ਝਿੱਮ ਝਿੱਮ ਅਥਰੂ ਹੀ ਵਗੀ ਜਾ ਰਹੇ ਹਨ। ਸ਼ਬਦ ਦੀ ਲੈਅ ਹੈ :

'ਸਚੁ ਕੀ ਬਾਣੀ ਨਾਨਕੁ ਆਖਹਿ
ਸਚੁ ਸੁਣਾਇਸੀ ਸਚੁ ਕੀ ਬੇਲਾ।'

ਸ਼ਮ੍ਹਾਂ ਅਗੇ ਪ੍ਰਵਾਨਾ—ਫੁਲਾਂ ਤੇ ਭੌਰ ਏਨੀ ਮਸਤੀ ਵਿਚ ਹੈ ਕਿ ਅਨੋਖਾ ਝੂਟਾ ਆਇਆ, ਜਿਵੇਂ ਕੜ ਪਾਟਾ ਹੋਵੇਂ, ਸੋਹਣੇ ਜਗੁਮਗੁ—ਜਗੁਮਗੁ ਕਰਦੇ ਹੋਏ ਸ਼ੀਸ਼ੇ ਤੇ ਕਿਸੇ ਦੇ ਫੁਲ ਮਾਰਨ ਦੀ ਆਵਾਜ਼ ਆਈ ਹੋਏ—ਸੁਰਤ ਸੰਭਾਲਦਿਆਂ ਹੋਇਆਂ ਵਿਅਕਤੀ ਦੇ ਮੂੰਹੋਂ ਫਿਰ ਨਿਕਲਿਆ—ਨਾਨਕੁ ਫ਼ਕੀਰ ਮੈਂ ਤੇਰਾ! ਨਾਨਕੁ ਮੈਂ ਤੇਰਾ। ਤੇ ਇਹ ਕਹਿੰਦਿਆਂ ਹੋਇਆਂ ਆਪ-ਮੁਹਾਰੇ ਵਾਹੋ-ਦਾਹੀ ਸ਼ਹਿਰ ਤੋਂ ਬਾਹਰ ਬਿਰਹੋਂ ਦੀ ਮਸਤੀ ਅੰਦਰ ਤੁਰੀ ਜਾ ਰਿਹਾ ਹੈ;—ਕੀ ਵੇਖਦਾ ਹਾਂ ਅਖੀਆਂ ਮਸੋਏ ਅਨਹਦੁ ਧੁਨ ਵਿਚ ਅਲਾਪ ਰਹੇ ਹਨ :—

---

*ਲਈ ਅੰਤ ਵਿਚ ਸਮੂਹ ਸੰਗਤਾਂ ਪਾਸ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਭੀ ਗੁਰਮੁਖ ਪਿਆਰਿਆਂ ਵਿਚਾਰਵਾਨ ਸਜਣਾਂ ਦੀ ਨਜ਼ਰ ਥਲੋਂ ਇਹ ਲੇਖ ਨਿਕਲੇ, ਉਹ ਇਹ ਵਿਚਾਰ ਕਰਨ ਕਿ ਕੀ ਫਿਲਮਾਂ ਬਨਾਉਣਾ ਗੁਰਮਤਿ ਅਨੁਕੂਲ ਹੈ, ਕੀ ਇਹ ਫਿਲਮਾਂ ਸਾਡੇ ਪਰਮ ਪ੍ਰਚਾਰ ਵਿਚ ਸਹਾਈ ਹੋ ਸਕਣਗੀਆਂ ਜਾਂ ਕਿ ਸਾਨੂੰ ਹੋਰ ਢਹਿੰਦੀਆਂ ਕਲਾਂ ਵਿਚ ਲੈ ਜਾਣਗੀਆਂ। ਸੂਝਵਾਨ ਸਜਣਾਂ ਨੂੰ ਇਸ ਸਬੰਧ ਵਿਚ ਆਪਣੇ ਵਿਚਾਰ ਅਖਬਾਰਾਂ ਰਾਹੀਂ, ਰਸਾਲਿਆਂ ਰਾਹੀਂ ਅਤੇ ਧਾਰਮਿਕ ਦੀਵਾਨਾਂ ਵਿਚ ਪ੍ਰਗਟ ਕਰਨੇ ਚਾਹੀਦੇ ਹਨ ਤਾਂ ਜੋ ਮਨਮਤਿ ਦੀ ਲਹਿਰ ਸਿਖੀ ਨੂੰ ਹੋਰ ਢਾਹ ਨਾ ਲਾ ਸਕੇ।



www.AKJ.Org

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ। ਨਾਮੁ ਬੀਜ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਬਾਬਾ ਮਾਇਆ ਸਾਥਿ ਨ ਹੋਇ।
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ।

ਕੋਲ ਬੈਠੀ ਇਕ ਅਧੜ ਉਮਰ ਵਾਲੀ ਮੂਰਤ, ਸਾਦਾ ਜਿਹਾ ਲਿਬਾਸ ਹੈ, ਪਰਤੀਤ ਹੁੰਦਾ ਹੈ ਕੋਈ ਕਿਰਤੀ ਦਸਾਂ ਨਵ੍ਹਾਂ ਦੀ ਕਮਾਈ ਕਰਨ ਵਾਲੇ ਬੜੇ ਕਰੋਧ ਵਿਚ ਬਾਰ ਬਾਰ ਦੁਹਰਾਈ ਜਾ ਰਹੇ ਹਨ, ਕਿਥੇ ਹਨ 20 ਰੁਪੈ, ਜੋ ਲਾਭਦਾਇਕ ਸੌਦਾ ਵਿਹਾਜਨ ਲਈ ਦਿਤੇ ਸਨ। ਜਦੋਂ ਕਰੋਧ ਨੇ ਖਿਰਤੀ ਨੂੰ ਬਿਲਕੁਲ ਹੀ ਬਲਹੀਨ ਕਰ ਦਿਤਾ ਅਤੇ ਆਪ ਨੂੰ ਨਾ ਸੰਭਾਲ ਸਕੀਆਂ ਤਾਂ ਦੂਸਰੀ ਵਾਰ ਬਾਂਹ ਉਲਾਰੀ ਚੰਨ ਜਹੇ ਮੁਖੜੇ ਤੇ ਵਾਰ ਕਰਨ ਲਈ ਕਿ ਆਉਣ ਵਾਲੀ ਅਲਮਸਤ ਵਿਅਕਤੀ ਨੇ ਝਟ ਰੋਕ ਲਈ ਜਾਂ ਤਕਿਆ ਕਿ ਮੇਰੇ ਕੰਵਲ ਨੈਨ ਗੁਰੂ ਨਾਨਕ ਸਾਹਿਬ ਜੀ ਨੂੰ ਪਿਤਾ ਕਾਲੂ ਜੀ ਚਪੇੜਾਂ ਮਾਰ ਰਹੇ ਹਨ ਜਰ ਨਾ ਸਕਿਆ। ਤਰੇਲਿਊ-ਤਰੇਲੀ ਹੋ ਕ ਗਸ਼ ਖਾਣ ਲਗਾ, ਸੁਰਤ ਭੁਲ ਗਈ, ਤੇ ਵਾਹੋ ਦਾਹੀ ਉਪਰੋਕਤ ਸ਼ਬਦ ਉਚਾਰਨ ਲਗਾ, ਨਾਲ ਨਾਲ ਬੜਾ ਵੈਰਾਗ ਹੈ–ਤੇ ਬਿਰਹੋਂ ਭਰੀ ਹਿਜਕੀਆਂ ਨਿਕਲ ਰਹੀਆਂ ਹਨ। ਕੰਵਲ ਨੈਨ ਜੀ ਦੇ ਸੋਹਣੇ ਮੁਖੜੇ ਤੇ ਚੁਪੇੜ ਦੀ ਪੀੜਤਾ ਉਕਾ ਹੀ ਨਾ ਝਲ ਸਕਿਆ ਤੇ ਕਹੀ ਜਾ ਰਿਹਾ ਹੈ–ਮੇਰੇ ਅੱਲਾ ਮੇਰੇ ਰਸੂਲ, ਮੇਰੇ ਮੁਹੰਮਦ, ਮੇਰੇ ਵਲੀ, ਮੇਰੇ ਮੌਲਾ, ਮੇਰੇ ਖ਼ੁਦਾ, ਮੇਰੇ ਰਹੀਮ, ਮੇਰੇ ਕਰੀਮ, ਅੱਲਾਹੇ-ਪਾਕੁ–ਪਰਵਦਗਾਰ—ਕਹਿਰ ਕਹਿਰ–ਮੇਰੇ ਮੁਰਸ਼ਦ ਨੂੰ ਚੁਪੇੜਾਂ—ਕੁਫ਼ਰ ਕੁਫ਼ਰ, ਐ ਜੱਨਅਤ ਜਾਂ ਦੋਜ਼ਕ ਵਿਚ ਆਉਣ ਵਾਲਿਓ ! ਰਹਿਣ ਵਾਲਿਓ ! ਮੈਨੂੰ ਦੋਜ਼ਖ ਦੀਆਂ ਚੁਪੇੜਾਂ ਮਨਜ਼ੂਰ–ਲਿਆਉ ਕਿਆਮਤ ਜੋ ਮੈਂ ਇਸ ਕਹਿਰ ਤੋਂ ਨਿਜਾਤ ਪਾਵਾਂ।

ਏਧਰ ਮੇਰੇ ਕੰਵਲ ਨੈਨ ਗੁਰੂ ਨਾਨਕ ਸਾਹਿਬ ਗੋਦੀ ਵਿਚ ਸਿਰ ਰੱਖੀ ਮਿਠੜੇ ਬੋਲਾਂ ਵਿਚ ਪਿਆਰ ਕਰੀ ਜਾ ਰਹੇ ਹਨ, ਅਤੇ ਹੌਸਲਾ ਦੇਂਦੇ ਹੋਏ ਕਹਿ ਰਹੇ ਹਨ ਸਾਈਂ ਜੀ (ਰਾਏ ਬੁਲਾਰ) ਸਤਿਨਾਮ ਦਾ ਜਾਪੁ ਕਰੋ ਏਡੇ ਵੈਰਾਗ ਵਿਚ ਨਹੀਂ ਜਾਈਦਾ, ਅਕਾਲ ਪੁਰਖ ਦੇ ਭਾਣੇ ਅੰਦਰ ਰਹੀਦਾ ਹੈ।

ਵਿਅਕਤੀ ਹੋਸ਼ ਸੰਭਾਲਦਿਆਂ ਹੀ ਫਿਰ ਉਸੇ ਮਸਤੀ ਅੰਦਰ ਆਪਣੇ ਮੁਖਾਰਬਿੰਦ ਚੋਂ ਉਚਾਰਨ ਲਗਾ, ਨਾਨਕ ਫਕੀਰ ਮੈਂ ਤੇਰਾ ! ਮੈਂ ਤੇਰਾ। ਮੈਨੂੰ ਇਹ ਪ੍ਰਤੀਤ ਹੋਇਆ—

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ
ਮੰਤੁ ਨ ਮਾਨੈ ਕੋਇ।
ਰਾਮ ਬਿਓਗੀ ਨਾ ਜੀਐ
ਜੀਐ ਤ ਬਉਰਾ ਹੋਇ।

ਪੁਤਰ ਮੋਹ ਇਕ ਅਨੋਖਾ ਮੋਹ ਹੋਇਆ ਕਰਦਾ ਹੈ, ਪਤਾ ਨਹੀਂ ਸਿਰਜਨਹਾਰ ਨੇ ਇਹ ਕੀ ਤਾਣਾ ਤਣਿਆ ਹੋਇਆ ਹੈ, ਭਾਵੇਂ ਉਹ ਅਲਮਸਤ ਹੋਵੇ, ਪਰ ਮਾਂ ਮੋਹ ਦੇ ਜਾਲ ਵਿਚ ਇਸ ਤਰ੍ਹਾਂ ਛਲੀ ਜਾਂਦੀ ਹੈ ਜਿਵੇਂ ਮਛਲੀ ਨੀਰ ਦੇ ਮੋਹ ਵਿਚ। ੧੨ ਸਾਲਾਂ ਪਿਛੋਂ ਅਜ ਇਸ ਨਗਰ (ਰਾਏ ਭੋਏ ਦੀ ਤਲਵੰਡੀ) ਵਿਚ ਇਸ ਤਰ੍ਹਾਂ ਗਹਿਮਾ ਗਹਿਮ ਹੈ ਜਿਵੇਂ ਚੰਦਨ ਦੇ ਬਿਰਛ ਤੇ ਸੱਪਾਂ ਦੀਆਂ ਡਾਰਾਂ ਦੂਰ ਦੁਰੇਡੇ ਨਗਰ ਤਕ ਦੇ ਸਭ ਨਰ ਨਾਰੀ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਜੀ ਨੂੰ ਵਧਾਈਆਂ ਦੇਂਦੇ ਆ ਜਾ ਰਹੇ ਹਨ। ੨੦ ਰੁਪਿਆਂ ਦਾ ਰੋਸ ਪੁਤਰ ਮੋਹ ਨੇ ਪਿਤਾ ਕਾਲੂ ਜੀ ਨੂੰ ਉੱਕਾ ਹੀ ਭੁਲਾ ਦਿਤਾ ਹੋਇਆ ਹੈ। ਦੋਨੋਂ ਪ੍ਰਾਣੀ (ਪਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ) ਅਤੇ ਨਿਜੀ ਟਹਿਲਣ ਤੁਲਸਾਂ ਫੁਲੇ ਨਹੀਂ ਸਮਾ ਰਹੇ, ਜਿਵੇਂ ਗੁਲਾਬ ਤੇ ਭੰਵਰ ਅਦੁਤੀ ਪਿਆਰ ਵਿਚ ਮਸਤ ਹਨ, ਪਰ ਮੇਰਾ ਮਾਲਕ (ਕੰਵਲ ਨੈਨ) ਕਲ ਤਾਰਨ ਗੁਰ ਨਾਨਕ ਇਕ ਕਮਰੇ ਵਿਚ ਕਰਤਾਰ ਨਾਲ ਜੁੜੀ ਬੈਠੇ ਹਨ। ਮਾਤਾ ਜੀ ਅਤੇ ਤੁਲਸਾਂ ਜੀ ਨੇ ਰਲ ਕੇ ਚਾਅ ਮਲਾਰ ਨਾਲ ਪ੍ਰਸ਼ਾਦ ਤਿਆਰ ਕੀਤਾ। ਇਸ ਆਸ਼ੇ ਨੂੰ ਮੁਖ ਰਖ ਕੇ ਕਿ ਅਜ ਸਾਰਾ ਪ੍ਰਵਾਰ ਰਲ ਕੇ ਨਾਨਕ ਜੀ ਨਾਲ ਪ੍ਰਸ਼ਾਦ ਛਕਾਂਗੇ। ਵਕਤ ਦੀ ਉਡੀਕ ਤੋਂ ਜਦ ਸਮਾਂ ਕਾਫ਼ੀ ਵਧੀਕ ਹੋ ਗਿਆ ਤਾਂ ਸਾਰਾ ਪ੍ਰਵਾਰ ਉਤਾਵਲੀ ਅਨਭਵ ਕਰਨ ਲਗਾ, ਉਤੋਂ ਭੁਖ ਵੀ ਬਹਿਬਲ ਕਟਨ ਲਗੀ, ਤਾਂ



www.AKJ.Org

ਮਾਤਾ ਜੀ ਨੇ ਨਿਕਟ-ਵਰਤਣ ਟਹਿਲਣ (ਤੁਲਸਾਂ) ਨੂੰ ਇਸ਼ਾਰਾ ਕੀਤਾ, ਤੁਲਸਾਂ ਜੀ ਨਾਨਕ ਜੀ ਨੂੰ ਬੁਲਾਉ, ਆ ਕੇ ਪ੍ਰਸ਼ਾਦ ਛਕਣ। ਰੇਤ ਅੱਕ ਦਾ ਆਹਾਰ ਕਰਦੇ ਰਹੇ ਹਨ 'ਰੇਤ ਅਕ ਆਹਾਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ।' ਕੋਧਰੇ ਦੇ ਮੰਡੇ ਖਾ ਖਾ ਕੇ ਸਰੀਰ ਢਾਲ ਛਡਿਆ ਹੈ, ਅਜ ਤਾਂ ਘਰ ਦੇ ੩੬ ਭੋਜਨਾਂ ਨੂੰ ਸਵੀਕਾਰ ਕਰਨ। ਤੁਲਸਾਂ ਜੀ ਸਤਿਬਚਨ ਕਹਿਕੇ ਜਾ ਕਮਰੇ ਅੰਦਰ ਕਦਮ ਰਖਿਆ, (ਕੰਵਲ ਨੈਨ) ਗੁਰ ਨਾਨਕ ਸਾਹਿਬ ਲੇਟੇ ਹੋਏ ਹਨ, ਅਤੇ ਸਾਰਾ ਕਮਰਾ ਜਗਮਗਾ ਰਿਹਾ ਹੈ। ਚਰਨਕੰਵਲ ਵਿਚ ਪਦਮ ਹੈ, ਝਿਲਮਿਲ ਚਮਕਣ ਵਾਂਗਣ ਤਾਰੇ, ਤੁਲਸਾਂ ਇਸ ਜਲਾਲ ਨੂੰ ਸਹਾਰ ਨਾ ਸਕੀ ਅਤੇ ਝਟ ਕੰਵਲ ਨੈਨ ਜੀ ਦੇ ਚਰਨਾਂ ਦੀ ਤਲੀ ਨੂੰ ਚਟ ਲਿਆ, ਬਸ ਫੇਰ ਕੀ ਸੀ, ਇਕ-ਦਮ ਕਪਾਟ ਖੁਲ੍ਹ ਗਏ, ਅਗਮ ਨਿਗਮ ਦੀ ਸੋਝੀ ਹੋ ਗਈ। ਹੁਣ ਕੁਝ ਬੋਲਣ ਦੀ ਸ਼ਕਤੀ ਨਹੀਂ ਰਹੀ। ਬਾਹਰ ਆਈ, ਮਾਂ ਜੀ ਨੇ ਇਕ ਵਾਰੀ, ਦੋ ਵਾਰੀ, ਜਦ ਬਾਰ ਬਾਰ ਪੁਛਿਆ, ਤੁਲਸਾਂ ! ਨਾਨਕ ਜੀ ਕਿਉਂ ਨਹੀਂ ਆ ਰਹੇ, ਕਿਉਂ ਨਹੀਂ ਲਿਆਈ, ਕੀ ਹਾਲ ਹੈ ? ਤਾਂ ਗਦ ਗਦ ਹੋਈ ਤੁਲਸਾਂ ਕਹਿਣ ਲਗੀ, ਮਾਂ ਜੀ ! ਮੈਂ ਕੀ ਦਸਾਂ, ਉਹ ਤਾਂ ਡੁਬਦਿਆਂ ਦੇ ਬੇੜੇ ਪਾਰ ਕਰ ਰਹੇ ਹਨ। ਇਹ ਗਲ ਤੁਲਸਾਂ ਦੀ ਕਹਿਣ ਦੀ ਸੀ ਮਾਤਾ ਤ੍ਰਿਪਤਾ ਜੀ ਦੇ ਪੈਰਾਂ ਤੋਂ ਮਿਟੀ ਨਿਕਲ ਗਈ, ਇਕ-ਦਮ ਚੇਹਰਾ ਬਦਲ ਗਿਆ, ਭੁਖ ਤ੍ਰਿਹ ਉੱਕਾ ਹੀ ਨਹੀਂ ਰਹੀ। ਵੈਰਾਗ ਵਿਚ ਹਿਜਕੀਆਂ ਭਰਦੀ ਹੋਈ ਅਲਾਪ ਰਹੀ ਹੈ, ਤੁਲਸਾਂ ਜੀ ! ਅਜ ਤੀਕਰ ਮੈਨੂੰ ਜਹਾਨ ਨੇ ਤਾਹਨੇ ਮਾਰੇ; ਮੈਂ ਜਰੀ। ਕੁੜਮਾਂ ਨੇ ਬੋਲੀਆਂ ਮਾਰੀਆਂ;ਮੈਂ ਜਰੀ। ਆਂਢੀਆਂ ਗੁਆਂਢੀਆਂ ਤੋਂ ਨਿਜ ਠਠੇ ਕਰਵਾਏ;ਮੈਂ ਜਰੀ। ਸਾਕ ਸਨਬੰਧੀਆਂ ਪਾਸੋਂ ਛੇੜੀ ਗਈ: ਤਾਂ ਵੀ ਜਰੀ, ਪਰ ਤੁਲਸਾਂ ਤੇਰੀ ਇਸ ਬੋਲੀ (ਕਥਨੀ) ਨੇ ਮੇਰਾ ਸਰੀਰ ਛਾਨਣੀ ੨ ਕਰ ਦਿਤਾ ਹੈ। ਮਨਸੂਰ ਨੂੰ ਪੱਥਰ ਪਏ ਜਰਦਾ ਰਿਹਾ ਪਰ ਜਦ ਨਿੱਜੀ ਦੋਸਤ ਨੇ ਫੁਲ ਮਾਰਿਆ, ਮਨਸੂਰ ਰੋ ਪਿਆ ਸੀ। ਫੁਲ ਵੱਜਣ ਦੀ ਸੱਟ ਵੀ ਨਹੀਂ ਬਰਦਾਸ਼ਤ ਕਰ ਸਕਿਆ; ਕਿਉਂ ਜੋ ਉਸ ਦਾ ਦਿਲੀ ਪਿਆਰ ਵਾਲਾ ਸਾਥੀ ਸੀ। ਇਸ ਤਰ੍ਹਾਂ ਤੂੰ ਮੇਰੀ ਦਿਲੀ ਪਿਆਰ ਵਾਲੀ ਆਪਣੀ ਤੁਲਸਾਂ ਹੋਕੇ; ਜਿਸ ਨੇ ਨਾਨਕ ਨੂੰ ਲੋਰੀਆਂ ਦਿਤੀਆਂ ਹੋਣ, ਖਿਡਾਇਆ ਹੋਵੇ, ਲਾਡ ਲਡਾਏ ਹੋਣ ਤੇ ਫੇਰ ਮੈਨੂੰ ਨਾਨਕ ਦੇ ਬਾਰੇ ਠਠੇ ਕਰੇਂ, ਤੁਲਸਾਂ ਚੁਪ ਹੈ। ਪਰ ਮਾਤਾ ਜੀ ਦੇ ਰੋਣੇ ਅਤੇ ਹਿਚਕੀਆਂ ਭਰਨੇ ਨੂੰ ਸੁਣ ਕੇ ਕੰਵਲ ਨੈਨ ਗੁਰੂ ਨਾਨਕ ਸਾਹਿਬ ਬਾਹਰ ਆਏ, ਮਾਂ ਜੀ ਨੂੰ ਪਿਆਰ ਕੀਤਾ, ਪੁਛਿਆ ਕਾਰਨ, ਤਾਂ ਮਾਂ ਜੀ ਨੇ ਵਰਣਨ ਕੀਤਾ ਕਿ ਅਜ ਮੈਨੂੰ ਤੁਲਸਾਂ ਵੀ ਠਠੇ ਕਰਨ ਲਗ ਪਈ ਹੈ, ਤਾਂ ਕੰਵਲ ਨੈਨ ਹਸ ਕੇ ਕਹਿਣ ਲਗੇ; ਅੰਮੜੀਏ ! ਇਹ ਤਾਂ ਝੱਲੀ ਹੈ, ਤੁਸੀਂ ਕਿਉਂ ਏਡਾ ਰੋਸ ਪ੍ਰਗਟ ਕਰ ਰਹੇ ਹੋ, ਆਉ ਪ੍ਰਸ਼ਾਦ ਛਕੀਏ। ਕੰਵਲ ਨੈਨ ਜੀ ਨੇ ਜਦ ਇਹ ਝੱਲੀ ਸ਼ਬਦ ਤੁਲਸਾਂ ਲਈ ਕਿਹਾ, ਤਾਂ ਬੇਬੇ ਨਾਨਕੀ ਜੀ ਨੇ ਝਟ ਟੋਕਿਆ ਮੇਰੇ ਅੰਮਾ-ਜਾਈ ਵੀਰ ਇਹ ਕੀ ? ਤਾਂ ਗੁਰੂ ਨਾਨਕ ਸਾਹਿਬ ਜੀ ਨੇ ਕਿਹਾ—ਬੇਬੇ ! ਭਾਂਡਾ ਛੋਟਾ ਸੀ; ਦਾਤ ਬਹੁਤੀ ਪਾ ਲਈ ਸੂ; ਇਸ ਲਈ ਤੁਲਸਾਂ ਲੋਕ ਲਈ ਝੱਲੀ, ਪਰ ਪ੍ਰਲੋਕ ਲਈ ਸੁਹੇਲੀ ਹੈ। ਅਤੇ ਮੈਂ ਇਹ ਪ੍ਰਤੀਤ ਕੀਤਾ :—

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ।
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ।

ਸੰਸਾਰ ਬੜਾ ਵਿਸ਼ਾਲ ਹੈ, ਜੇਕਰ ਇਸ ਦੀ ਡੂੰਘਿਆਈ ਤੀਕਰ ਜਾਉ ਤਾਂ ਕੋਈ ਅੰਤ ਨਹੀਂ ਪਾ ਸਕਦਾ। ਜਿਵੇਂ 'ਹਰਿ ਕੀ ਗਤਿ ਨਹਿ ਕੋਊ ਜਾਨੈ। ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ। ਜਿਥੇ ਅਜ ਸ਼ਹਿਨਾਈ ਵਜਦੀ ਦੇਖਦਾ ਹਾਂ, ਕਲ ਉਥੇ ਮਾਤਮ ਹੋ ਰਿਹਾ ਹੁੰਦਾ ਹੈ, ਜਿਥੇ ਅਜ ਘੋੜੀਆਂ, ਬਘੀਆਂ ਜਾਂ ਕਾਰਾਂ ਤੇ ਮਾਣ ਕਰਦੇ ਦੇਖਦਾ ਹਾਂ, ਉਥੇ ਭਲਕ ਹੀ ਸਵੇਰੇ ਸਟਰੇਚਰਾਂ ਤੇ ਪਾ ਕੇ ਹਸਪਤਾਲਾਂ 'ਚ ਲਿਜਾਂਦੇ ਦੇਖਦਾ ਹਾਂ। ਜਿਥੇ ਅਜ ੩੬ ਪਦਾਰਥਾਂ ਨੂੰ ਘਟੀਆ ਦਰਜਾ ਦੇਕੇ ਕਵਾਲਟੀਆਂ ਵਿਚ ਬਾਹਰ ਦੀਆਂ ਫੋਕੀਆਂ ਸਲਾਮਾਂ ਰਾਹੀਂ ਤਾਮਸੀ ਖਾਨਿਆਂ ਵਿਚ ਪੈਸੇ ਨੂੰ ਫੂਕੀਂਦਾ ਦੇਖਦੇ ਹਾਂ



www.AKJ.Org

ਤਾਂ ਕਲ ਉਹ ਹੀ ਇਨਸਾਨ ਇਸ ਅਯਾਸ਼ੀ ਦੀ ਜ਼ਿੰਦਗੀ ਤੋਂ ਤੰਗ ਆ ਕੇ ਅਨਬੁਲਾਈ ਮੌਤ ਨੂੰ ਤਰਜੀਹ ਦੇਂਦਾ ਹੈ ਜਾਂ ਦਸ ਦਸ ਪੈਸੇ ਦੀ ਮੁੰਗਫਲੀ ਵੇਚਦਾ ਨਜ਼ਰ ਆਉਂਦਾ ਹੈ।

ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ।
ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ।
ਅਹਿਰਖ ਵਾਦੁ ਨ ਕੀਜੈ ਰੇ ਮਨ।
ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ।

ਇਹ ਹੈ ਸੰਸਾਰ ਚਲਦਾ ਫਿਰਦਾ, ਕੋਈ ਹਾਲ ਮਸਤ, ਕੋਈ ਮਾਲ ਮਸਤੁ, ਇਕ ਤਮਾਸ਼ਾ, ਰਚਨਹਾਰ ਦੀ ਰਚਨਾ।

ਸਾਧੋ ਰਚਨਾ ਰਾਮਿ ਬਨਾਈ। ਇਕੁ ਬਿਨਸੈ ਇਕੁ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ।੧।ਰਹਾਉ। ਕਾਮੁ ਕ੍ਰੋਧੁ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ। ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।੧। ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ। ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ।੨।੨।

ਇਸ ਰਚਨਹਾਰ ਦੀ ਲੀਲਾ ਨੂੰ ਕੋਈ ਕੋਈ ਇਸ ਤਰ੍ਹਾਂ ਅਨੁਭਵ ਕਰਦੇ ਹਨ:—

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ
ਮੰਤੁ ਨ ਮਾਨੈ ਕੋਇ।
ਰਾਮ ਬਿਓਗੀ ਨਾ ਜੀਐ
ਜੀਐ ਤ ਬਉਰਾ ਹੋਇ।

ਜਿਨ ਹਰਿ ਹਿਰਦੈ ਨਾਮੁ ਨ ਬਸਿਓ
ਤਿਨ ਮਾਤ ਕੀਜੈ ਹਰਿ ਬਾਂਝਾ।
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ
ਓਇ ਖਪਿ ਖਪਿ ਮੁਏ ਕਰਾਂਝਾ।

ਜਿਥੇ ਰਾਏਬੁਲਾਰ ਜੀ, ਬਾਬਾ ਬੁੱਢਾ ਜੀ, ਭਾਈ ਮਨਸੁਖ ਜੀ, ਭਾਈ ਲਾਲੋ ਜੀ ਅਤੇ ਹੋਰ ਅਨਗਿਣਤ ਵਿਅਕਤੀਆਂ ਗੁਰੂ ਨਾਨਕ ਸਾਹਿਬ ਜੀ ਦੇ ਬਿਰਹੋਂ ਵਿਯੋਗ ਵਿਚ ਬਹਿਬਲ ਰਹਿੰਦੀਆਂ ਸਨ। ਉਥੇ ਬੇਬੇ ਨਾਨਕੀ, ਜਿਸ ਦੇ ਨੈਣਾਂ ਨੇ ਪ੍ਰਤੀਤ ਕੀਤਾ ਹੋਇਆ ਸੀ—

ਆਪਿ ਨਾਰਾਇਣ ਕਲਾ ਧਾਰਿ
ਜਗ ਮਹਿ ਪਰਵਰਿਯਿਉ।
ਨਿਰੰਕਾਰਿ ਆਕਾਰੁ ਜੋਤਿ
ਜਗ ਮੰਡਲਿ ਕਰਿਯਉ।

ਇਸ ਤਰ੍ਹਾਂ ਵਿਯੋਗ ਵਿਚ ਰਹਿੰਦੀ ਸੀ:

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ
ਮੰਤੁ ਨ ਮਾਨੈ ਕੋਇ।
ਰਾਮ ਬਿਓਗੀ ਨ ਜੀਐ
ਜੀਐ ਤ ਬਉਰਾ ਹੋਇ।

——

## ਕੀਰਤਨ ਰੈਣ ਸਬਾਈ

ਸ੍ਰੀ ਪੌਂਟਾ ਸਾਹਿਬ ਦੇ ਪ੍ਰੇਮੀਆਂ ਦੇ ਹੁਕਮਨਾਮੇ ਅਨੁਸਾਰ 'ਅਖੰਡ ਕੀਰਤਨੀ ਜਥਾ ਹਰਿਦਵਾਰ' ਨੇ ਗੁ: ਸ੍ਰੀ ਪੌਂਟਾ ਸਾਹਿਬ ਵਿਖੇ **12.9.70** ਸ਼ਾਮ ਨੂੰ ਕੀਰਤਨ ਰੈਣ ਸਬਾਈ ਗੁਰੂ ਆਗਿਆ ਅਨੁਸਾਰ ਆਰੰਭ ਕੀਤੇ। "ਵਧ ਵਧ ਸੁਖ ਰੈਨੜੀਏ" ਦੀਆਂ ਗੂੰਜਾਂ ਪਈਆਂ। ਜਥੇ ਨੇ ਗੁਰੂ ਓਟ ਆਸਰੇ ਨਾਲ ਤੇ ਦਾਤੇ ਦੀ ਮੇਹਰ ਦਵਾਰਾ ਬੜਾ ਰੰਗ ਬੰਨ੍ਹਿਆ। ਚੜ੍ਹਦੀ ਕਲਾ ਵਿਚ ਕੀਰਤਨ ਹੋਏ ਤੇ ਸੰਗਤਾਂ ਨਾਮ-ਛਾਂਦੇ ਛਕ ਸਰਸ਼ਾਰ ਹੋਈਆਂ। ਉਸ ਕਲਗੀਧਰ ਪਿਤਾ ਦਾ ਕੋਟਾਨ ਕੋਟ ਸ਼ੁਕਰ ਹੈ ਜਿਸਨੇ ਆਪਣੀ ਮੇਹਰ ਦਾ ਹਥ ਸਾਰੀ ਸੰਗਤਾਂ ਤੇ ਰਖਕੇ ਨਾਮ ਦੀ ਬਰਖਾ ਨਾਲ ਸਭ ਨੂੰ ਨਿਹਾਲ ਕੀਤਾ। ਰੈਣਸਬਾਈ ਕੀਰਤਨ ਤੋਂ ਉਪਰੰਤ ਇਕ ਹੋਰ ਨਾਮ-ਰਸੀਏ ਦੀ ਇਛਾਨੁਸਾਰ ਉਸ ਦੇ ਗ੍ਰਹਿ ਵਿਖੇ ਵੀ ਅਖੰਡ ਕੀਰਤਨੀ ਜਥੇ ਹਰਦਵਾਰ ਨੇ ਜਾ ਕੇ ਕੀਰਤਨ ਦੀ ਛਹਿਬਰ ਲਾਈ। ਇਸ ਕੀਰਤਨ ਤੇ ਡੇਹਰਾਦੂਨ ਤੋਂ ਵੀ ਗੁਰਸਿਖ ਪਹੁੰਚੇ।



www.AKJ.Org

## ਸੇਵਾ ਸਫ਼ਲ ਕਰੋ !

ਭਾਈ ਗਿਆਨ ਸਿੰਘ ਜੀ ਸਿੰਦਰੀ (ਧਨਬਾਦ) ਗੁਰਮਤਿ ਪ੍ਰਚਾਰ ਨੂੰ ਮੁਖ ਰਖਦੇ ਹੋਏ 'ਸੂਰਾ' ਲਈ ਹੇਠ ਲਿਖੇ ਸਜਨਾਂ ਦੇ ਇਕ ਸਾਲ ਵਾਸਤੇ ਚੰਦੇ ਭੇਜਦੇ ਹਨ ਤੇ ਨਾਲ ਹੀ ਬੇਨਤੀ ਕਰਦੇ ਹਨ ਕਿ ਸੂਰਾ ਆਪ ਪੜ੍ਹਨ ਤੇ ਹੋਰਨਾਂ ਨੂੰ ਪੜ੍ਹਾ ਕੇ ਦਾਸ ਦੀ ਸੇਵਾ ਸਫ਼ਲ ਕਰਨ ।

੧. ਭਾਈ ਮੰਗਲ ਸਿੰਘ ਜੀ ਖਾਲਸਾ ਸਰਪੰਚ, ਪਿੰਡ ਨੰਗਲੀ ਨੁਸ਼ਹਿਰਾ, ਜ਼ਿਲਾ ਅੰਮ੍ਰਿਤਸਰ ।
੨. ਬੀਬੀ ਸਤਵੰਤ ਕੌਰ ਨਾਗੀ, ਈਸਟ ਮੋਹਨ ਨਗਰ, ਅੰਮ੍ਰਿਤਸਰ ।
੩. ਐਸ. ਜੀ. ਸਿੰਘ ਸੋਖੀ, ਅਸਿਸਟੈਂਟ ਇੰਜੀਨੀਅਰ, ਡੀ-183, ਐਂਟੀਬੋਟਿਕ ਕਾਲੋਨੀ, ਡਾਕਘਰ ਵੀਰਭਦਰਾ, ਰਿਸ਼ੀਕੇਸ਼ ।

**ਸੂਚਨਾ**—ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਅਤੇ ਸਤਿਸੰਗਤਿ ਕਾਕੀ ਪਿੰਡ ਦੀ ਪ੍ਰੇਰਨਾ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ 'ਅਖੰਡ ਕੀਰਤਨ' ਜੋ ਆਦਿ ਤੋਂ ਅੰਤ ਤਕ ਸ਼ੁਰੂ ਹੈ । ਰੋਜ਼ਾਨਾ ਕੀਰਤਨ 4 ਤੋਂ 6 ਵਜੇ ਤਕ ਗੁਰਦੁਆਰਾ ਸਾਹਿਬ ਕਾਕੀ ਪਿੰਡ ਵਿਖੇ ਹੁੰਦਾ ਹੈ । ਸਰਬਤ ਸੰਗਤਾਂ ਦੇ ਚਰਨਾਂ ਵਿਚ ਜੋਦੜੀ ਕੀਤੀ ਜਾਂਦੀ ਹੈ ਕਿ ਇਸ ਪ੍ਰੋਗਰਾਮ ਵਿਚ ਵਧ ਤੋਂ ਵਧ ਗੁਰੂ ਕੇ ਲਾਲ ਹਾਜ਼ਰੀਆਂ ਭਰਕੇ ਜਨਮ ਸਫ਼ਲਾ ਕਰਨ ।

ਪੁਛ ਗਿਛ ਲਈ—ਸੰਤੋਖ ਸਿੰਘ ਪੰਜਾਬ ਐਂਡ ਸਿੰਧ ਬੈਂਕ
ਰੇਲਵੇ ਰੋਡ, ਜਲੰਧਰ ।

ਦਾਸ–ਸੰਤੋਖ ਸਿੰਘ, ਕਾਕੀ ਪਿੰਡ,
ਹੁਸ਼ਿਆਰਪੁਰ ਰੋਡ, ਜਲੰਧਰ ਛਾਉਣੀ ।


ਸਦਾ ਯਾਦ ਰਖੋ !

# ਬਿਜਲੀ ਦੇ ਸਾਮਾਨ ਦੀ ਥੋਕ ਤੇ ਪ੍ਰਚੂਨ ਦੁਕਾਨ

ਹਰ ਕਿਸਮ ਦਾ ਬਿਜਲੀ ਦਾ ਸਾਮਾਨ ਸਸਤਾ ਤੇ ਚੰਗਾ ਖਰੀਦਣ ਲਈ ਇਕ ਵਾਰ ਜ਼ਰੂਰ ਦਰਸ਼ਨ ਦਿਓ ਤੇ ਲਾਭ ਉਠਾਉ ।

## ਰਵੇਲ ਇਲੈਕਟ੍ਰਿਕ ਵਰਕਸ

ਚੌਕ ਰਾਘੋਮਾਜਰਾ, ਪਟਿਆਲਾ ।

*Authorised Stockists :*

*ESS ESS Kay Products, GNE Products, Steel grip P.V.C. Tape, Hicco cables, National Conduit Pipes.*

*Specialist in :*

*House wiring & Motor Fitting.*

*Large Sale & Less Profit is our Motto.*


www.AKJ.Org

# ਲਲਤੋਂ ਨਿਵਾਸੀ ਵੀਰ ਨਿਰਭੈ ਸਿੰਘ ਜੀ

ਵਲੋਂ:

ਸਚਖੰਡ ਵਾਸੀ
ਭਾਈ ਸਾਹਿਬ ਭਾਈ ਰਣਧੀਰ ਸਿੰਘ

*

ਅਸੀਂ ਹਜ਼ਾਰੀ ਬਾਗ ਜੇਲ ਅੰਦਰ ਉਮਰ ਕੈਦਾਂ ਭੁਗਤ ਰਹੇ ਹਾਂ। ਸ਼ਾਇਦ ੧੯੨੦ ਈਸਵੀ ਵਾਲਾ ਸਾਲ ਹੋਣਾ ਹੈ। ਭਾਈ ਨਿਰਭੈ ਸਿੰਘ ਜੀ ਕਾਂਗਰਸ ਦਾ ਕਲਕਤੇ ਵਿਚ ਖਾਸ ਹੋਇਆ ਸਮਾਗਮ ਦੇਖਣ ਲਈ ਕਲਕਤੇ ਨੂੰ ਜਾ ਰਹੇ ਸਨ । ਇਹ ਉਹ ਖਾਸ ਸਮਾਗਮ ਹੈ, ਜਿਸ ਵਿਖੇ ਨਾ-ਮਿਲਵਰਤਨ ਦਾ ਮਤਾ ਪਾਸ ਹੋਇਆ ਸੀ। ਵੀਰ ਨਿਰਭੈ ਸਿੰਘ ਜੀ ਧੁਰੋਂ ਇਹ ਧਾਰਨਾ ਧਾਰ ਕੇ ਤੁਰੇ ਸਨ ਕਿ ਕਲਕਤੇ ਪਿਛੋਂ ਪੁਜਨ ਹੈ ਪਹਿਲਾਂ ਹਜ਼ਾਰੀ ਬਾਗ ਜੇਲ੍ਹ ਵਿਚ ਜਾ ਕੇ ਮੈਂ ਅਜਿਹੇ ਜੇਲ ਯਾਤਰੂਆਂ ਨੂੰ ਮਿਲਨਾ ਹੈ, ਪਰ ਜ਼ਰੂਰੀ ਮਿਲਣਾ ਹੈ। ਇਸ ਹਜ਼ਾਰੀ ਬਾਗ ਜੇਲ੍ਹ ਨੂੰ ਹਜ਼ਾਰੀ ਬਾਗ ਰੋਡ ਨਾਮੇ ਸ਼ਟੇਸ਼ਨ ਲਗਦਾ ਸੀ, ਜੋ ਐਨ ਕਲਕਤੇ ਨੂੰ ਜਾਣ ਵਾਲੀ ਲਾਇਨ ਤੇ ਸੀ। ਇਸ ਹਜ਼ਾਰੀ ਬਾਗ ਰੋਡ ਸਟੇਸ਼ਨ ਤੋਂ ਚਾਲੀ ਮੀਲ ਦੀ ਵਿਥ ਤੇ ਹਜ਼ਾਰੀ ਬਾਗ ਜੇਲ੍ਹ ਵਾਕਿਆ ਹੈ। ਇਸ ਦੇ ਆਲੇ ਦੁਆਲੇ ਚਾਰ ਚੁਫੇਰੇ ਚਾਲੀ ਮੀਲ ਤਾਈਂ ਜੰਗਲ ਹੀ ਜੰਗਲ ਸਨ । ਬਿਹਾਰ ਸੂਬੇ ਦੇ ਅੰਦਰ ਇਹ ਇਕ ਸਦਾ ਬਹਾਰੀ ਸਰਦ ਅਸਥਾਨ ਹੈ । ਵੀਰ ਭਾਈ ਨਿਰਭੈ ਸਿੰਘ ਜੀ ਹਜ਼ਾਰੀ ਬਾਗ ਸ਼ਹਿਰ ਅੱਪੜ ਕੇ ਉਥੋਂ ਅੰਮ੍ਰਿਤ ਵੇਲੇ ਹੀ ਤੁਰ ਕੇ ਹਜ਼ਾਰੀ ਬਾਗ ਜੇਲ ਕੋਲ ਆ ਰਹੇ ਹਨ। ਆਪਣੇ ਵੈਰਾਗ ਰੰਗਾਂ ਵਿਚ ਹੀ ਖਰਾਮਾਂ ਖਰਾਮਾਂ ਜਾ ਰਹੇ ਹਨ । ਅਜੇ ਪੋਹ ਫਟਾਲੇ ਦਾ ਵੇਲਾ ਹੈ, ਇਰਦ ਗਿਰਦ ਸਭ ਚੁਪ ਚਾਂਪ ਛਾ ਰਹੀ ਹੈ ਅਤੇ ਤਰੇਲ (ਸ਼ਬਨਮ) ਦੀ ਭਿੰਨੀ ਭਿੰਨੀ ਨਮੀ ਨਮੂਦਾਰ ਹੋ ਰਹੀ ਹੈ। ਮਿੰਨ੍ਹੀ ਮਿੰਨ੍ਹੀ ਫੁਹਾਰ ਪੈ ਰਹੀ ਸੀ। ਬਿਰਹੋਂ ਵਿਜੋਗੀ ਵੀਰ ਨਿਰਭੈ ਸਿੰਘ ਜੀ ਵੀਰ ਮਿਲਾਵੇ ਦੇ ਅਨੁਰਾਗ ਅਤੇ ਚਿਰਾਂ ਦੇ ਵਿਛੋੜੇ ਦੇ ਵੈਰਾਗ ਵਿਚ ਮਨੂਰ ਹੋਏ ਹੋਏ ਅੰਤਰਗਤੀ ਗੁਪਤੋ ਗੁਪਤ ਬਾਣੀ ਪੜ੍ਹਦੇ ਹੋਏ ਜੇਲ ਵਲ ਜਾ ਰਹੀ ਸੜਕੇ ਸੜਕ ਸਿਰ ਸੁਟੀ ਤੁਰੀ ਜਾ ਰਹੇ ਹਨ ਕਿ ਦੂਰ ਤੋਂ ਇਕ ਵੈਰਾਗ ਭਰੀ ਸੁਰ ਨਾਲ ਉਚਾਰੀ ਜਾ ਰਹੀ ਨੌਵੇਂ ਮਹਿਲ ਦੇ ਬਾਣੀ ਦੇ ਸਲੋਕਾਂ ਦੀ ਧੁੰਨੀ ਵੀਰ ਨਿਰਭੈ ਸਿੰਘ ਦੇ ਕੰਨਾਂ ਵਿਚ ਪਈ। ਉਹ ਬੜੇ ਅਚੰਬੇ ਨਾਲ ਚਾਰ ਚੁਫੇਰੇ ਕੰਨ ਤੇ ਅੱਖੀਆਂ ਫੇਰ ਫੇਰ ਤਕਣ ਕਿ ਕਿਧਰੋਂ ਇਹ ਧੁੰਨੀ ਆ ਰਹੀ ਹੈ। ਇਸ ਉਜਾੜ ਬੀਆਬਾਨ ਵਿਚ ਜਿਥੇ ਸਿਖਾਂ ਦੀ ਉਕੀ ਹੀ ਵਸੋਂ ਨਹੀਂ, ਗੁਰਬਾਣੀ ਪੜ੍ਹਨ ਵਾਲਾ ਐਸਾ ਕਿਹੜਾ ਪਰੇਮੀ ਹੈ, ਜੋ ਅੰਮ੍ਰਿਤ ਵੇਲੇ ਹੀ ਜਾਗ ਕੇ ਅਤੀ ਵੈਰਾਗ ਵਿਚ ਵੈਰਾਗ ਮਈ ਸਲੋਕਾਂ ਦਾ ਪਾਠ ਕਰੀ ਆਉਂਦਾ ਹੈ। ਧਿਆਨ ਦੇਣ ਪਰ ਪਤਾ ਲਗਾ ਕਿ ਜੇਲ ਦੇ ਪਾਸੇ ਵਲੋਂ ਹੀ ਇਹ ਧੁੰਨੀ ਆ ਰਹੀ ਹੈ। ਵੀਰ ਵੈਰਾਗੀ ਦੀ ਹੋਰ ਵੀ ਹੈਰਾਨਗੀ ਵਧ ਗਈ ਕਿ ਜੇਲ ਦੇ ਇਰਦ ਗਿਰਦ ਹੀ ਬਿਹਾਰੀ ਵਸੋਂ ਵਿਚੋਂ ਕਿਹੜਾ ਐਸਾ ਸਜਣ ਵੈਰਾਗੀ ਪੈਦਾ ਹੋ ਗਿਆ, ਜਿਸ ਦੇ ਮੁਖੋਂ ਨਿਕਸੀ ਦੂਰੋਂ ਭਿਣਕ ਪਈ ਬਾਣੀ ਦੀ ਧੁੰਨੀ ਮੈਨੂੰ ਗੜੂੰਦ ਕਰਦੀ ਜਾ ਰਹੀ ਹੈ। ਉਹ ਏਸੇ ਹਾਲਤ ਵਿਚ ਦੋਏ ਕਰ ਜੋੜ ਕੇ ਇਕ ਥਾਵੇਂ ਟਿਕ ਕੇ ਖੜੇ ਗਏ ਕਿ ਏਸੇ ਸੜਕ ਤੇ ਜੇਲ ਵਲੋਂ ਆ ਰਹੇ ਵੈਰਾਗੀਅੜੇ ਸਜਣ ਇਥੋਂ ਦੀ ਹੀ ਗੁਜ਼ਰਨਗੇ ਅਤੇ ਚੁਪ ਚਪਾਤੇ ਹੀ



www.AKJ.Org

ਦਰਸ਼ਨ ਕਰ ਲਵਾਂਗੇ । ਵੈਰਾਗ ਅਨੁਰਾਗ ਵਿਚ ਮਸਤ ਹੋਏ ਹੋਏ ਇਕ ਬਿਹਾਰੀ (ਬਿਹਾਰ ਦੇਸ਼ ਦਾ ਨਿਵਾਸੀ) ਜੇਲ੍ਹ ਸਿਪਾਹੀ ਜੇਲ੍ਹ ਵਰਦੀ ਵਿਚ ਪੁਸ਼ਾ-ਕਤ ਹੋਏ ਹੋਏ ਮਧੁਰ ਤੇ ਲੰਮੀ ਵੈਰਾਗ ਧੁੰਨੀ ਨਾਲ ਨੌਵੇਂ ਮਹਿਲ ਦੇ ਸਲੋਕਾਂ ਦਾ ਪਾਠ ਕਰਦੇ ਹੋਏ ਆ ਰਹੇ ਸਨ । ਅੱਖੀਆਂ ਤੋਂ ਛਮਾਂ ਛਮ ਵੈਰਾਗ ਨੀਰ ਵਹਿ ਰਿਹਾ ਸੀ ! ਜਦੋਂ ਉਹ ਅਪਣੀ ਵੈਰਾਗ ਧੁੰਨੀ ਵਿਚ ਮਸਤ ਹੋਇਆ ਸਿਪਾਹੀ ਐਨ ਉਸ ਜਗਾ ਦੇ ਨਿਕਟ ਅਪੜਿਆ ਜਿਥੇ ਕਿ ਬੁਤ ਦੀ ਨਿਆਈਂ ਖੜਾ ਹੋਇਆ ਵੀਰ ਵੈਰਾਗੀਅੜਾ ਨਿਰਭੈ ਸਿੰਘ ਬਿਹਬਲ ਹੋ ਰਿਹਾ ਸੀ । ਨਾ ਜੇਲ ਵਲੋਂ ਆ ਰਹੇ ਸਿਪਾਹੀ ਨੂੰ ਕੋਈ ਸੁਭ ਬੁਧ ਸੀ ਨਾ ਇਸ ਬੁਤ ਬਣੇ ਰਾਹੀ ਨੂੰ । ਨਿਕਟ ਆਈ ਧੁੰਨੀ ਨੂੰ ਵੈਰਾਗ ਪੁਲਕ੍ਰਿਤ ਗਲੇ ਵਿਚ ਅਤਿ ਲਲਿਤਾ ਵਿਚ ਧੁੰਨਿਤ ਹੋਈ ਸੁਣ ਕੇ ਖਾਮੋਸ਼ ਖੜੇ ਵੀਰ ਨਿਰਭੈ ਸਿੰਘ ਜੀ ਚੌਂਕ ਉਠੇ ਅਤੇ ਉਸ ਸਿਪਾਹੀ ਨੂੰ ਦੇਖਣ ਸਾਰ ਧੜੰਮ ਦੇ ਕੇ ਉਸ ਦੇ ਚਰਨਾਂ ਤੇ ਜਾ ਡਿਗੇ । ਉਠਾਏ ਉਠਣ ਨਾ ਸਿਪਾਹੀ ਦੇ ਨ[illegible] ਵਗਦੇ ਨੇਤ੍ਰਾਂ ਦੇ ਟੇਪੇ ਵੀਰ ਭਾਈ ਨਿਰਭੈ ਸਿੰਘ ਜੀ ਦੀ ਗਰਦਨ ਤੇ ਛਮਾ ਛਮ ਪੈਣ ਅਤੇ ਬਿਹਬਲ ਹੋ ਰਹੇ ਭਾਈ ਨਿਰਭੈ ਸਿੰਘ ਦੇ ਨੇਤ੍ਰਾਂ ਵਿਚੋਂ ਜਲ ਜਾਰੀ ਸੀ, ਉਸ ਨੇ ਉਸ ਬਿਹਾਰੀ ਸਿਪਾਹੀ ਦੇ ਚਰਨਾਂ ਨੂੰ ਭਿਉਂ ਭਿਉਂ ਕੇ ਤਰ-ਬਤਰ ਕਰ ਦਿਤਾ । ਇਕ ਸਿਖ ਦਾ ਚੇਹਰਾ ਦੇਖ ਕੇ ਬਿਹਾਰੀ ਸਿਪਾਹੀ ਨਿਹਾਲੋ ਨਿਹਾਲ ਵੀ ਹੋਏ ਅਤੇ ਕਰੁਣਾ ਰਸ ਨਾਲ ਸਿਰ ਤੋਂ ਲੈ ਕੇ ਪੈਰਾਂ ਤਾਈਂ ਭਿਜ ਗਏ । ਉਹ ਬਿਹਾਰੀ ਸਿਪਾਹੀ ਚਾਹੇ ਪੂਰਨ ਸਿਖ ਤਾਂ ਨਹੀਂ ਜਾਪਦਾ ਸੀ ਪਰ ਉਸ ਦੇ ਮੁਖੜੇ ਤੇ ਆਈ ਸਫੁਟ ਹੋਈ ਦਾੜ੍ਹੀ ਦੀ ਲੂਈਂ ਬਿਲਕੁਲ ਨਰਮ ਸੀ । ਜਿਸ ਨੂੰ ਕਦੇ ਉਸਤਰਾ ਕੈਂਚੀ ਨਹੀਂ ਲਗੀ ਜਾਪਦੀ ਸੀ, ਸੀਸ ਉਤੇ ਲੰਮੇ ਲੰਮੇ ਪਟਿਆਂ ਦੀ ਸ਼ਕਲ ਦੇ ਕੇਸ ਸਨ, ਜਿਨ੍ਹਾਂ ਦਾ ਅਜੇ ਜੂੜਾ ਨਹੀਂ ਸੀ ਹੁੰਦਾ । ਐਸਾ ਜਾਪਦਾ ਸੀ ਕੇਸ ਆਪਣੀ ਕੁਦਰਤੀ ਵਧਣੀ ਵਿਚ ਵਧੇ ਜਾਂਦੇ ਹੋਏ ਵਧੇ ਹੀ ਚਲੀ ਜਾ ਰਹੇ ਸਨ । ਜਦੋਂ ਕਿ ਕੋਈ ਨਵੀਨ ਖਾਲਸਈ ਵੇਸ ਦੀ ਸੂਝ ਬੂਝ ਪਈ ਹੈ ਉਦੋਂ ਦਾ ਇਹਨਾਂ ਪਟਿਆਂ ਨੂੰ ਵੀ ਕੋਈ ਕੈਂਚੀ ਉਸਤਰਾ ਲਗਾਇਆ ਨਹੀਂ ਜਾਪਦਾ, ਬੜੇ ਜ਼ੋਰਾਂ ਨਾਲ ਸਿਪਾਹੀ ਨੇ ਆਪਣੇ ਪੈਰਾਂ ਉਤੇ ਪਏ ਵੈਰਾਗੜੀਏ ਸਿਖ ਦਾ ਸੀਸ ਚੁਕਿਆ । ਅੱਖੀਆਂ ਦੋ ਚਾਰ ਹੋਈਆਂ, ਪ੍ਰਸਪਰ ਇਹ ਹੀ ਪੁਛ ਗਿਛ ਦੋਹਾਂ ਮੁਖਾਂ ਤੋਂ ਇਕ ਵਾਰ ਨਿਕਲੀ–ਤੁਸੀਂ ਕੌਣ ਹੋ ਤੇ ਕਿਥੋਂ ਆਏ ਹੋ ਤੇ ਕਿਥੇ ਜਾਣਾ ਹੈ । ਪਹਿਲਾਂ ਉਸ ਬਿਹਾਰੀ ਸਿਪਾਹੀ ਨੇ ਉਤਰ ਦਿਤਾ ਕਿ ਮੈਂ ਤਾਂ ਹਜ਼ਾਰੀ ਬਾਗ ਜੇਲ੍ਹ ਵਿਚ ਮਲਾਜ਼ਮ ਸਿਪਾਹੀ ਹਾਂ ਪੈਂਦੀ ਸਟ ਹੀ ਭਾਈ ਨਿਰਭੈ ਸਿੰਘ ਨੇ ਦੂਜਾ ਸਵਾਲ ਕਰ ਦਿਤਾ । ਇਹ ਗੁਰ-ਬਾਣੀ ਤੁਹਾਨੂੰ ਕਿਹਨੇ ਦਸੀ ਤੇ ਕਿਥੋਂ ਸਿੱਖੀ ? ਉਸ ਨੇ ਓਤਰ ਦਿਤਾ ਕਿ ਸਾਡੀ ਜੇਲ੍ਹ ਚ ਪੁਲੀਟੀਕਲ ਕੈਦੀ ਬਣ ਕੇ ਜਟਾ ਧਾਰੀ ਸਿੱਖ ਸਾਧ ਆਏ ਹੋਏ ਹਨ । ਵਿਚੋਂ ਹੀ ਅਟਕਾ ਕੇ ਭਾਈ ਨਿਰਭੈ ਸਿੰਘ ਜੀ ਨੇ ਫੇਰ ਇਹ ਸਵਾਲ ਕੀਤਾ ਕਿ ਭਾਈ ਰਣਧੀਰ ਸਿੰਘ ਜੀ ਭੀ ਏਨ੍ਹਾਂ ਪੁਲੀਟੀਕਲ ਕੈਦੀਆਂ ਵਿਚੋਂ ਹਨ ? ਇਹ ਨਾਂ ਸੁਣ ਕੇ ਤਾਂ ਉਹ ਬਿਹਾਰੀ ਸਿਪਾਹੀ ਧੜੰਮ ਕਰ ਕੇ ਵੀਰ ਭਾਈ ਨਿਰਭੈ ਸਿੰਘ ਦੇ ਚਰਨਾਂ ਤੇ ਜਾ ਡਿਗਾ ਤੇ ਰੋ ਰੋ ਕੇ ਪੁਕਾਰਨ ਲਗਾ ਕਿ ਏਸੇ ਆਪ ਦੇ ਨਾਮ ਲਏ ਸਾਧੂ ਭਾਈ ਸਾਹਿਬ ਦੀ ਸੰਗਤ ਦੇ ਪਰਤਾਪ ਨਾਲ ਹੀ ਦਾਸ ਨੂੰ ਏਨ੍ਹਾਂ ਸਲੋਕਾਂ ਦਾ ਗਫਾ ਮਿਲਿਆ ਹੈ ਤੇ ਸਾਰੀ ਗੁਰਬਾਣੀ ਦਾ ਪਤਾ ਲਗਾ ਹੈ । ਵੀਰ ਨਿਰਭੈ ਸਿੰਘ ਜੀ ਨੇ ਉਸ ਸੱਤਸੰਗੀ ਵੀਰਾਗੀਅੜੇ ਦਾ ਸੀਸ ਪੈਰਾਂ ਤੋਂ ਚੁਕਦੇ ਹੋਏ ਆਖਿਆ ਕਿ ਮੈਂ ਉਹਨਾਂ ਦੀ ਮੁਲਾਕਾਤ ਕਰਨ ਨੂੰ ਹੀ ਜੇਲ੍ਹ ਵਲ ਜਾ ਰਿਹਾ ਹਾਂ। ਮੇਰੇ ਲਾਇਕ ਕੋਈ ਸੇਵਾ ਦਸੋ । ਵੈਰਾਗੀ ਸਿਪਾਹੀ ਨੇ ਰੋ ਧੋ ਕੇ ਬੇਨਤੀ ਕਰੀ ਕਿ ਇਹ ਸਾਰਾ ਤਨ, ਮਨ ਧਨ ਉਨ੍ਹਾਂ ਦਾ ਹੀ ਹੈ, ਮੈਨੂੰ ਕਹੋ ਮੈਂ ਕੀ ਕੁਛ ਨਿਛਾਵਰ ਕਰਾਂ । ਗਲ ਕੀ ਇਸ ਪਰਕਾਰ ਦੀ ਪਰੇਮ ਮਈ ਵੈਰਾਗ ਦੀ ਵਾਰਤਾ ਨੂੰ ਸਮਾਪਤ ਕਰ ਕੇ ਵੀਰ ਭਾਈ ਨਿਰਭੈ ਸਿੰਘ ਜੀ ਮੁਲਾਕਾਤ ਕਰਨ ਲਈ ਜੇਲ ਦੇ ਗੇਟ ਕੋਲ ਆ ਪਹੁੰਚੇ । ਮੈਨੂੰ ਵੀ ਮੁਲਾਕਾਤ ਕਰਵਾਉਣ ਵਾਲੇ



www.AKJ.Org

ਜੇਲ੍ਹਰ ਨੇ ਅੰਦਰੋਂ ਬੁਲਾ ਲਿਆ ਮੁਲਾਕਾਤ ਕਰਨ ਲਈ। ਮੈਨੂੰ ਵੇਖਣਸਾਰ ਹੀ ਵੀਰ ਭਾਈ ਨਿਰਭੈ ਸਿੰਘ ਜੀ ਛਮਾ ਛਮ ਰੋ ਪਏ। ਐਸੇ ਰੋਏ ਕਿ ਰੋਣੋਂ ਹਟਣ ਨਾ। ਨਾ ਮੇਰੇ ਹਟਾਏ ਹਟਣ ਨਾ ਜੇਲਰ ਦੇ ਹਟਾਏ ਹਟਣ ਬਸ ਰੋਈ ਹੀ ਜਾਣ ਕੋਈ ਗਲ ਬਾਤ ਨਾ ਕਰਨ। ਜੇਲਰ ਨੇ ਇਸ ਰੁਦਨ ਦਾ ਕਾਰਨ ਪੁਛਿਆ। ਵੀਰ ਨਿਰਭੈ ਸਿੰਘ ਜੀ ਡਡਿਆ ਕੇ ਬੋਲੇ:—ਕਿ ਅਸੀਂ ਅਭਾਗੇ ਤਾਂ ਐਵੇਂ ਹੀ ਰਹਿ ਰਏ, ਸਾਡੇ ਨਾਲੋਂ ਤਾਂ ਇਹਾਰੀ ਸਿਪਾਹੀ ਹੀ ਵਡਭਾਗੇ ਹਨ, ਜਿਨਾਂ ਦਾ ਅਜ ਸੁਤੇ ਨਿਸਤਾਰਾ ਇਨ੍ਹਾਂ ਦੇ ਦਰਸ਼ਨਾਂ ਨਾਲ ਹੋ ਰਿਹਾ ਹੈ। ਸਾਡੇ ਇਥੇ ਬੋਲਣ ਦੀ ਕੀ ਜਾ ਹੈ। ਇਨਾਂ ਕਹਿ ਕੇ ਫਿਰ ਜ਼ਾਰੋ ਜ਼ਾਰ ਰੋਣ ਲਗ ਪਏ। ਕੇਵਲ ਇਤਨਾ ਹੀ ਮੇਰੇ ਸਨਮੁਖ ਉਚਾਰਨ ਕੀਤਾ "ਮੈਂ ਓਹੀ ਨਿਰਭੈ ਸਿੰਘ ਹਾਂ ਜਿਸ ਦੇ ਮਥੇ ਉਤੇ ਅੰਮ੍ਰਿਤ ਸੰਚਾਰ ਸਮੇਂ ਆਪ ਨੇ ਲਾਡ ਨਾਲ ਸਰਬ ਲੋਹ ਦੀ ਮਾਲਾ ਮਾਰ ਕੇ ਛੁਹਾਈ ਸੀ ਤੇ ਮੇਰੇ ਕਪਾਟ ਖੁਲੇ ਸਨ।" ਬਸ, ਉਸ ਕਪਾਟ ਖੁਲਣ ਸਮੇਂ ਚਮਤਕਾਰ ਮਾਤਰ ਜੋ ਕੁਝ ਵੇਖਿਆ ਸੋ ਵੇਖਿਆ। ਉਸ ਦੇ ਪਿਛੋਂ ਨਾ ਮੈਥੋਂ ਕਮਾਈ ਹੋਈ ਤੇ ਨਾ ਮੈਂ ਕੋਈ ਆਤਮ ਝਲਕਾਰਾ ਵੇਖਿਆ। ਆਪ ਤਾਂ ਜੇਲ੍ਹਾਂ ਅੰਦਰ ਆ ਬਿਰਾਜੇ ਹੋ ਅਤੇ ਅਸੀਂ ਸਿਆਸਤ ਦੀ ਦੌੜ ਧੂਪ ਵਿਚ ਧਕੇ ਖ਼ਾ ਰਹੇ ਹਾਂ। ਇਹ ਕਹਿ ਕੇ ਫਿਰ ਉਚੀ ਉਚੀ ਰੋਣ ਲਗ ਪਏ। ਮੁਲਾਕਾਤ ਦਾ ਸਮਾਂ ਖਤਮ ਹੋਇਆ ਤੇ ਅਸੀਂ ਦੋਏ ਮੁਲਾਕਾਤੀ ਜੁਦਾ ਜੁਦਾ ਕਰ ਦਿਤੇ ਗਏ। ਮੈਨੂੰ ਅੰਦਰ ਨੂੰ ਤੋਰ ਦਿਤਾ ਤੇ ਉਸ ਨੂੰ ਬਾਹਰ ਵਾਰ ਵਿਛੋੜ ਦਿਤਾ। ਹਸਰਤ ਦੀਆਂ ਨਿਗਾਹਾਂ ਨਾਲ ਮੁੜ ਅਤੇ ਖ਼ੜ੍ਹ ਖੜ ਕੇ ਤਕਦਾ ਜਾਵੇ, ਮੈਂ ਵੀ ਮੂਰਛਤ ਮੂਰਤੀ ਹੋ ਕੇ ਖੜ ਕੇ ਤਕਣ ਲਗ ਪਿਆ, ਮੈਨੂੰ ਕੌਣ ਮੋੜੇ ਹੋੜੇ। ਪਰ ਜਰਵਾਨਿਆਂ ਸਿਪਾਹੀਆਂ ਨੇ ਓਕੜ ਨਿਰਭੈ ਸਿੰਘ ਨੂੰ ਅੱਖ਼ੀਓਂ ਓਹਲੇ ਕਰ ਦਿਤਾ, ਜਾਂਦਿਆਂ ੨ ਜ਼ੋਰ ਦੀ ਅਵਾਜ਼ ਨਾਲ ਇਹ ਕਹਿ ਗਏ ਕਿ ਕਲਕਤੇ ਕਾਂਗ੍ਰਸ ਕਾਨਫਰੰਸ ਤੋਂ ਮੁੜ ਕੇ ਆਉਂਦਾ ਹੋਇਆ ਫਿਰ ਮਿਲਕੇ ਜਾਵਾਂਗਾ। ਪਰ ਕਿਹਨੇ ਮੁੜਨਾ ਹੈ ਤੇ ਕਿਹਨੇ ਮਿਲਣਾਂ ਹੈ। ਬਹੁੜ ਦਰਸ਼ਨ ਨਹੀਂ ਹੋਏ ਅਤੇ ਹੁਣ ਤਕ ਨਹੀਂ ਹੋਏ। ਜੇਲੋਂ ਬਾਹਰ ਆਇਆਂ ਨੂੰ ਵੀ ਨਹੀਂ ਹੋਏ, ਹੋਣ ਕਿਵੇਂ ਅਤੇ ਕਿਸ ਦੇ। ਬੀਰ ਵੈਰਾਗੀ ਨਿਰਭੈ ਸਿੰਘ ਜੀ ਤਾਂ ਚਿਰੋਕਣੇ ਗੁਰਪੁਰੀ ਨੂੰ ਪਧਾਰ ਗਏ ਸਨ। ਬਸ ਇਥੇ ਹੀ ਖਤਮ ਹੋਇਆ ਅਗਾਂਹ ਕੁਝ ਹੋਰ ਲਿਖ ਨਹੀਂ ਹੁੰਦਾ।

---

ਬੇਨਤੀ: ਧਨਬਾਦ ਇਲਾਕੇ ਦੇ ਸਮੂਹ ਗੁਰਸਿਖਾਂ ਦੇ ਦਿਲਾਂ ਵਿਚ ਏਹ ਸੁਣਕੇ ਕਿਤਨੀ ਖੁਸ਼ੀ ਹੋਵੇਗੀ ਤੇ ਕਿਤਨੇ ਭਾਗਾਂ ਵਾਲੇ ਹੋਵਣਗੇ, ਜਿਥੇ ਅਖੰਡ ਕੀਰਤਨ ਰੈਣ ਸਬਾਈ ਦੀਆਂ ਲੜੀਆਂ ਗੁਰੂ ਸਵਾਰੇ ਗੁਰਮੁਖ, ਅਖੰਡ ਕੀਰਤਨੀ ਜਥੇ ਬਗੈਰ ਲਾਲਚ ਦੇ ਸਾਰੀ ਸਾਰੀ ਰਾਤ ਆਪ ਨਾਮ ਜਪਦੇ ਹਨ ਤੇ ਸੰਗਤਾਂ ਨੂੰ ਜਪਾਉਂਦੇ ਹਨ, ਪੰਦਰਾਂ-ਸੋਲਾਂ ਸਮਾਗਮ ਹੋ ਚੁਕੇ ਹਨ ਤੇ ਅਗੋਂ ਕਰਵਾਨ ਲਈ ਧੜਾ ਧੜ ਸ਼ਰਧਾਲੂ ਅਰਦਾਸ ਕਰਵਾ ਰਹੇ ਹਨ ਦਿਨੋ ਦਿਨ ਉਤਸ਼ਾਹ ਸੰਗਤ ਦਾ ਠਾਠਾਂ ਮਾਰ ਰਿਹਾ ਹੈ। ਸਿਖ ਸੰਗਤਾਂ ਉਹਨਾਂ ਦੇ ਇਲਾਹੀ ਕੀਰਤਨ ਤੋਂ ਲਾਭ ਉਠਾਉਣ।

ਇਸ ਅਦੁਤੀ ਸਮਾਗਮਾਂ ਵਿਚ ਬਹੁਤ ਸਾਰੇ ਗੁਰੂ ਪਿਆਰੇ ਸਿੰਦਰੀ, ਪਾਥਰਡੀਹ, ਡਿਗਵਾਡੀਹ, ਧਨਬਾਦ,ਆਦਿ ਤੋਂ ਗੁਰੂ ਘਰ ਦੇ ਕੀਰਤਨੀਏ ਅਖੰਡ ਕੀਰਤਨ ਰਾਹੀਂ ਹਰਿਜਸ ਦੀਆਂ ਘੁਮਰਾਂ ਪਾ ਰਹੇ ਹਨ ਕ੍ਰਿਪਾਲੂ ਸ੍ਰ: ਕਰਤਾਰ ਸਿੰਘ ਠੇਕੇਦਾਰ ਕੀਰਤਨੀ ਜਥਿਆਂ ਨੂੰ ਲਿਆਉਣ ਤੇ ਪਹੁੰਚਾਉਣ ਦੀ ਸੇਵਾ ਆਪਨੀ ਗਡੀ ਤੇ ਮੁਫਤ ਕਰਦੇ ਹਨ। ਵਾਹਿਗੁਰੂ ਚੜਦੀਆਂ ਕਲਾਂ ਬਖਸ਼ੇ ਇਸੇ ਤਰਾਂ ਸੇਵਾ ਕਰਦੇ ਰਹਿਨ।

ਆਪ ਦੇ ਦਰਸ਼ਨ ਅਭਿਲਾਸ਼ੀ, ਸ੍ਰ. ਗੁਲਾਬ ਸਿੰਘ, ਸ੍ਰ ਬੂਟਾ ਸਿੰਘ, ਸ੍ਰ ਦਲੀਪ ਸਿੰਘ, ਸ੍ਰ ਰਵੇਲ ਸਿੰਘ ਪਾਥਰਡੀਹ, ਸ੍ਰ: ਹਰਭਜਨ ਸਿੰਘ ਜੀ, ਫੂਸ ਬੰਗਲਾ।



www.AKJ.Org

# ਬ੍ਰਹਮ-ਵਿਚਾਰ ਦੇ ਰੰਗ

ਵਲੋਂ: ਗਿਆਨੀ ਦਲਜੀਤ ਸਿੰਘ 'ਕਮਲ' ਦਿੱਲੀ

ਲੜੀ ਜੋੜਨ ਲਈ ਦੇਖੋ ੨੦ ਅਗਸਤ ਦਾ ਪਰਚਾ

ਜਦੋਂ ਤਕ ਜੀਵ ਦੇ ਤਨ, ਮਨ ਨੂੰ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ। ਉਦੋਂ ਤਕ ਇਸ ਦੇ ਅੰਦਰੋਂ ਭਰਮ,ਭੈ ਅੰਧੇਰਾ ਛਲ, ਕਪਟ, ਘਬਰਾਹਟ, ਅਸ਼ਾਂਤੀ ਅਵਿਦਿਆ ਦੂਰ ਨਹੀਂ ਹੋ ਸਕਦੀਆਂ। ਸਿਰਫ ਪੜ੍ਹਿਆਂ ਸੁਣਿਆਂ ਕੀ ਬਣੇ ਜੇ ਰਿਦੇ ਅੰਦਰ ਵਿਚਾਰ ਨਹੀਂ ਆਈ। ਉਨਾਂ ਚਿਰ ਤੇ ਜੀਵ ਮਨ ਕਰ ਕੇ ਮੋਹ ਵਿਚ ਹੀ ਫਸਿਆ ਰਹਿੰਦਾ ਹੈ। ਇਸ ਦੇ ਤਨ ਨੂੰ ਅਭਿਮਾਨ ਹੰਕਾਰ ਦਾ ਭੂਤ ਚੰਮੜਿਆ ਰਹਿੰਦਾ ਹੈ ਇਸੇ ਵਾਸਤੇ ਮਨ ਦਾ ਭਰਮ ਨਹੀਂ ਮਿਟਦਾ ਇਹ ਐਸਾ ਭੂਤ ਹੈ। ਮਨ ਨੂੰ ਜੋਤ ਸਰੂਪ ਦੀ ਸੋਝੀ ਨਹੀਂ ਹੋਣ ਦੇਂਦਾ। ਐਸਾ ਜੀਵ ਜਦੋਂ ਆਪ ਹੀ ਭੂਤਨਾ ਬਣ ਜਾਵੇ। ਉਸ ਵਾਸਤੇ ਇਹੋ ਵਿਧੀ ਹੈ ਕਿ ਗੁਰੂ ਨਾਨਕ ਮਹਾਰਾਜ ਦੇ ਕਥੇ ਮਹਾਂ ਮੰਤ੍ਰ ਨਾਲ ਇਸ ਭੂਤ ਦੀ ਛਾਇਆ ਤੋਂ ਛੁਟਕਾਰਾ ਪਾਵੇ। ਕਿਉਂਕਿ ਮਹਾਂ ਮੰਤਰ ਦੇ ਨਾਲ ਹੀ ਇਹ ਦੂਰ ਹੋ ਜਦੋਂ ਇਹ ਭੂਤ ਬਾਹਰ ਨਿਕਲ ਜਾਵੇ ਤੇ ਜੀਵ ਨੂੰ ਆਪੇ ਹੀ ਸ਼ੁਧ ਹੋ ਆਉਂਦੀ ਹੈ। ਨਿਜ ਸਰੂਪ ਦੀ ਸਹਿਜੇ ਹੀ ਪਛਾਣ ਹੋ ਜਾਂਦੀ ਹੈ, ਜਿੰਨਾ ਚਿਰ ਇਹ ਭੂਤ ਅੰਦਰ ਰਹਿੰਦਾ ਹੈ ਉਨਾਂ ਚਿਰ ਜੀਵ ਦੁਖੀ ਹੀ ਰਹਿੰਦਾ ਹੈ। ਇਹਦੇ ਬਾਹਰ ਜਾਣ ਨਾਲ ਹੀ ਅਨੰਦ 'ਚ ਸਮਾਈ ਹੁੰਦੀ ਹੈ। ਤਨ ਅੰਦਰੋਂ ਹਉਮੈ ਦਾ ਭੂਤ ਲਗਾ ਹੋਇਆ ਹੈ, ਜੋ ਜੀਵ ਦਾ ਪਵਿਤ੍ਰ ਤੋਂ ਪਵਿਤ੍ਰ ਨਿਜ ਸਰੂਪ ਹੈ। ਉਸ ਦੀ ਲਖਤਾ ਨਹੀਂ ਹੋਣ ਦੇਂਦਾ ਸਤਿਗੁਰ ਦੇ ਸ਼ਬਦ ਦੀ ਟੇਕ ਐਸੀ ਹੈ, ਤਨ ਦੇ ਇਹ ਦੁਖ ਤੋਂ ਸਹਿਜੇ ਹੀ ਬਚਾ ਲੈਂਦੀ ਹੈ, ਜਦੋਂ ਤਨ ਦੀ ਹਉਮੈ ਬਿਨਸ ਜਾਵੇ। ਸਮਝੋ ਨਿਜ ਸਰੂਪ ਦੀ ਲਖਤਾ ਹੋ ਗਈ, ਬਸ ਇਹ ਲਖਤਾ ਦੇ ਨਾਲ ਹੀ ਜੀਵ ਨੂੰ ਮੋਖੁਸ਼ ਪਦ ਦੀ ਪਰਾਪਤੀ ਹੋ ਜਾਂਦੀ ਹੈ।

ਐਸੇ ਜੀਵ ਦੇ ਬੰਧਨ ਕਟੇ ਜਾਂਦੇ ਹਨ, ਜਮਾਂ ਦੀ ਫਾਹੀ ਤੋਂ ਛੁਟਕਾਰਾ ਮਿਲ ਜਾਂਦਾ ਹੈ। ਉਹ ਤੇ ਜਦੋਂ ਮਰਜ਼ੀ ਆਵੇ, ਖੁਸ਼ੀ ਨਾਲ ਜਿਵੇਂ ਸੱਪ ਕੁੰਜ ਲਾਹ ਕੇ ਸੁਟ ਦਿੰਦਾ ਹੈ ਤੇ ਕੋਈ ਦੁਖ ਮਹਿਸੂਸ ਨਹੀਂ ਕਰਦਾ, ਇਸੇ ਤਰਾਂ ਤਨ ਦਾ ਤਿਆਗ ਕਰ, ਇਸ ਦੇ ਮੋਹ ਤੋਂ ਭੀ ਨਿਆਰਾ ਹੋ ਜਾਂਦਾ ਹੈ। ਭਾਵੇਂ ਉਹ ਜਿਉਂਦਾ ਹੋਵੇ ਜਾਂ ਮਰਿਆ, ਪਰ ਤਨ ਦੇ ਮੋਹ ਵਿਚ ਨਹੀਂ ਫਸਦਾ। ਇਹੋ ਸਮਝਦਾ ਹੈ ਕਿ ਇਹ ਸਰੀਰ ਹੈ ਹੀ ਨਾਸ਼ਵੰਤ ਇਸ ਨਾਲ ਮੋਹ ਕੀ ਕਰਨਾ ਹੋਇਆ, ਇਹ ਉਚ ਪਦਵੀ ਪੂਰਨ ਸਤਿਗੁਰੂ ਦੀ ਸ਼ਰਨ ਵਿਚ ਰਹਿ ਕੇ ਉਹਨਾਂ ਦੀ ਕ੍ਰਿਪਾ ਦੇ ਪਾਤਰ ਬਣ ਕੇ ਹੀ ਪ੍ਰਾਪਤ ਹੋ ਸਕਦੀ ਹੈ। ਬ੍ਰਹਮ ਵਿਚਾਰ ਦੇ ਉਪਦੇਸ਼ਾਂ ਨੂੰ ਮੰਨਣਾ ਹੀ ਭਲਾ ਹੈ, ਮੰਨੇ ਤੇ ਫਿਰ ਮੋਹ ਦੀਆਂ ਚੋਟਾਂ ਤੋਂ ਬਚ ਜਾਈਦਾ ਹੈ। ਮੰਨਣ ਕਰ ਕੇ ਜਮਾਂ ਦੇ ਸਾਥ ਤੋਂ ਦੂਰ ਰਹਿ ਜਾਈਦਾ ਹੈ। ਕਿਉਂਕਿ ਕਾਲਖ ਰਹਿਤ ਨਾਮ ਦੇ ਨਾਲ ਜੁੜਿਆਂ ਹੀ ਨੂਰੀ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਸਕਦਾ ਹੈ।

ਇਉਂ ਨਾਮ ਦੇ ਮੰਨਣ ਹਾਰਾ ਜੀਵ ਚਾਰ ਵਰਨ, ਚਾਰ ਆਸ਼ਰਮ ਜੋ ਲਿਖੇ ਹਨ। ਇਨ੍ਹਾਂ ਵਿਚੋਂ ਗ੍ਰਿਹਸਥ ਆਸ਼ਰਮ ਵਿਚ ਰਹਿੰਦਾ ਹੋਇਆ ਵੀ ਨਿਹਾਲ ਤੇ ਅਨੰਦ ਅਵਸਥਾ ਵਿਚ ਰਹਿ ਕੇ ਉਚ ਦਵਾਰਿਆਂ ਦਾ ਮਾਲਕ ਬਣ ਜਾਂਦਾ ਹੈ। ਗ੍ਰਿਹਸਥ ਦੀ ਵਡਿਆਈ ਭਾਈ ਸਾਹਿਬ ਭਾਈ ਗੁਰਦਾਸ ਜੀ ਭੀ ਲਿਖਦੇ ਹਨ,ਤੇ ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਵੀ ਰਾਜੇ ਕੌਲਨਾਭ ਨੂੰ ਉਪਦੇਸ਼ ਦੇਂਦੇ ਹੋਏ ਦਸ ਰਹੇ ਹਨ।

(ਚਲਦਾ)



www.AKJ.Org

# ਗੁਰਬਾਣੀ ਪਾਠ-ਨਿਰਣਯ

(ਪਹਿਲੀ ਕਿਸ਼ਤ)

ਵਲੋਂ :

ਗਿ: ਹਰਬੰਸ ਸਿੰਘ ਜੀ ਚੰਡੀਗੜ੍ਹ

ਕਰਤਾ : 'ਜਪੁ-ਨਿਰਣਯ'

*

ਮੂਲ ਮੰਤ੍ਰ—

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਅਰਥ—

ਇੱਕ (ਅਕਾਲ ਪੁਰਖੁ) ਇੱਕ ਰਸ ਵਿਆਪਕ ਹੈ। (ਉਸ ਦਾ) ਨਾਉਂ ਸੱਚੁ ਹੈ। (ਉਹ ਸਭ ਜੀਆਂ ਨੂੰ ਪੈਦਾ) ਕਰਨ ਵਾਲਾ (ਆਦਿ) ਪੁਰਖੁ ਹੈ। (ਉਹ) ਡਰ ਤੋਂ ਰਹਿਤ ਹੈ। (ਉਹ) ਵੈਰ ਤੋਂ ਰਹਿਤ ਹੈ। (ਉਸ ਦਾ) ਸਰੂਪ ਮੌਤ ਤੋਂ ਪਰੇ ਹੈ। (ਉਸ ਦਾ) ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। (ਉਪਰੋਕਤ ਗੁਣਾਂ ਵਾਲੇ ਆਦਿ ਪੁਰਖ ਦਾ ਦਰਸ਼ਨ—ਮੇਲਾ) ਗੁਰੂ ਦੀ ਕਿਰਪਾ ਨਾਲ ਹੁੰਦਾ ਹੈ।

ਪਾਠ ਉਚਾਰਨ—

੧ਓ ਦੇ ਹੇਠ ਲਿਖੇ ਕਈ ਉਚਾਰਨ ਪ੍ਰਚਲਤ ਹਨ:—

੧. ਇੱਕ ਓਅੰਕਾਰ ੨. ਇਕਿਉ ਅੰਕਾਰ ੩. ਇਕੋ ਅੰਗਕਾਰ ੪. ਏਕੋਂਕਾਰ ੫. ਏਕਮਕਾਰ ੬. ਇਕ ਓ ੭. ਇਕ ਓਅਮਕਾਰ ੮. ਇਕ ਓਮ ੯. ਏਕੰਕਾਰ ਓਅੰਕਾਰ ਆਦਿ।

ਨੰ: ੧ ਅਤੇ ਨੰ: ੯ ਤੋਂ ਸਿਵਾਇ ਬਾਕੀ ਦੇ ਸਾਰੇ ਉਚਾਰਨ ਅਸ਼ੁਧ ਹਨ। ਨੰ: ੯ ਵਾਲਾ ਉਚਾਰਨ ਪੰਥ ਦੇ ਪ੍ਰਸਿਧ ਵਿਦਵਾਨ ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ ਨਿਹੰਗ ਅਤੇ ਭਾ: ਸਾਹਿਬ ਹਰਾ ਸਿੰਘ ਜੀ ਗ੍ਰੰਥੀ ਪਿਸ਼ਾਵਰ ਨਿਵਾਸੀ, ਭਾਈ ਸਾਹਿਬ ਭਾ: ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਹੇਠ ਲਿਖੇ ਪ੍ਰਮਾਣਾਂ ਦੇ ਆਧਾਰ ਤੇ ਸਿੱਧ ਕਰਦੇ ਹੁੰਦੇ ਸਨ:—

੧. ਏਕਾ ਏਕੰਕਾਰ ਲਿਖਿ ਦੇਖਾਲਿਆ।
ਊੜਾ ਓਅੰਕਾਰ ਪਾਸਿ ਬਹਾਲਿਆ।
(ਵਾਰ ੩ ਪਉੜੀ ੧੫)

੨. ਏਕੰਕਾਰ ਇਕਾਂਗ ਲਿਖ
ਊੜਾ ਓਅੰਕਾਰ ਲਿਖਾਇਆ।
(ਵਾਰ ੩੯ ਪਉੜੀ ੧)

ਇਸ ਉਚਾਰਨ ਸਬੰਧੀ ਇਕ ਵਾਰੀ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਨਾਲ ਵੀ ਗਲਬਾਤ ਹੋਈ ਸੀ ਪਰ ਦੇਸ਼ ਦੇ ਬਟਵਾਰੇ ਕਰਕੇ ਇਸ ਬੰਨੇ ਫਿਰ ਕਿਸੇ ਸੱਜਣ ਨੇ ਧਿਆਨ ਨਹੀਂ ਦਿੱਤਾ।

ਇਸ ਵੇਲੇ ਇਸ ਪਾਠ ਦਾ ਸ਼ੁੱਧ ਉਚਾਰਨ 'ਇੱਕ ਓਅੰਕਾਰ' ਹੀ ਮੰਨਿਆ ਜਾਂਦਾ ਹੈ। ਜੇ ਧਿਆਨ ਨਾਲ ਅੱਖਰਾਂ ਦੇ ਰੂਪ ਨੂੰ ਵੇਖੀਏ ਤਾਂ ਕੋਈ ਸ਼ੰਕੇ ਵਾਲੀ ਗਲ ਨਜ਼ਰ ਨਹੀਂ ਆਉਂਦੀ ਕਿਉਂਕਿ '੧' ਨੂੰ ਕੋਈ ਕਾਰ ( ) ਨਹੀਂ ਲੱਗੀ ਹੋਈ ਜਦੋਂਕਿ 'ਓ' ਨੂੰ ਕਾਰ ( ) ਲਾ ਕੇ 'ਓ ' ਦਾ ਰੂਪ ਬਣਾਇਆ ਗਿਆ ਹੈ। ਭਾ: ਗੁਰਦਾਸ ਜੀ ਦੀ ਬਾਣੀ ਵਿਚੋਂ ਦਿਤੇ ਉਪਰੋਕਤ ਪ੍ਰਮਾਣ ਇਹਨਾਂ ਦੋਹਾਂ ਸ਼ਬਦਾਂ ਦੀ ਵਿਲਖਣਤਾ ਨੂੰ ਦਰਸਾਉਂਦੇ ਹਨ ਕਿ '੧' ਸੁਤੰਤਰ (ਨਿਰਾਲਾ) ਸ਼ਬਦ ਹੈ, 'ਓ ' ਸ੍ਰੀ ਗੁਰੂ



www.AKJ.Org

ਨਾਨਕ ਦੇਵ ਜੀ ਦਾ ਆਪਣਾ ਘੜਿਆ ਹੋਇਆ ਨਵੀਨ ਸ਼ਬਦ ਹੈ ਜਿਸ ਦੇ ਅਰਥ ਹਨ:—ਇਕ ਰੱਸ ਵਿਆਪਕ (ਅਕਾਲ ਪੁਰਖ)।

ਬਾਕੀ 'ਸਤਿਨਾਮੁ ਤੋਂ ਗੁਰ ਪ੍ਰਸਾਦਿ' ਤਕ ਦੇ ਉਚਾਰਨ ਅਤੇ ਅਰਥਾਂ ਦੇ ਸ਼ੰਕਿਆਂ ਨੂੰ ਦੂਰ ਕਰਨ ਲਈ ਵੇਖੋ (ਜਪੁ–ਨਿਰਣਯ ਪੰਨਾ ੨੬–੪੮)।

## ਗੁਰਮਤਿ ਸਿਧਾਂਤ

ਮੂਲ-ਮੰਤ੍ਰ—

ੴ ਤੋਂ ਗੁਰਪ੍ਰਸਾਦਿ ਤਕ ਦੇ ਪਾਠ ਨੂੰ ਗੁਰਸਿਖ ਮੂਲ ਮੰਤ੍ਰ ਆਖਦੇ ਹਨ। ਇਹ ਮੂਲ ਮੰਤ੍ਰ ਸਾਰੇ ਮੰਤ੍ਰਾਂ ਦਾ ਮੁੱਢ ਹੈ। ਸਿਖ ਧਰਮ ਦੀ ਨੀਂਹ ਇਸ ਮੂਲ ਮੰਤ੍ਰ ਦੇ ਅਧਾਰ ਤੇ ਹੈ। ਅੰਮ੍ਰਿਤ ਛਕਾਉਣ ਸਮੇਂ ਵੀ ਗੁਰਮੰਤਰ ਦੇ ਨਾਲ ਇਸ ਮੂਲ ਮੰਤ੍ਰ ਦਾ ਪਾਠ ਵੀ ਕਰਾਇਆ ਜਾਂਦਾ ਹੈ। ਇਸ ਬਾਰੇ ਜਨਮ-ਸਾਖੀਆਂ ਦੇ ਅਧਾਰ ਤੇ ਪਰੰਪਰਾ ਤੋਂ ਇਹ ਗਲ ਮੰਨੀ ਜਾਂਦੀ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਈਂ ਨਦੀ ਵਿਚ ਟੁੱਬੀ ਲਾਈ ਤਾਂ ਤਿੰਨ ਦਿਨ ਅਲੋਪ ਰਹੇ; ਉਸ ਸਮੇਂ ਆਪ ਜੀ 'ਸੋ ਦਰ' (ਅਕਾਲ ਪੁਰਖ ਜੀ ਦੇ ਦਰਬਾਰ) ਵਿਚੋਂ ਸੰਸਾਰ ਨੂੰ ਤਾਰਨ ਲਈ ਬਖਸ਼ਸ਼ ਪ੍ਰਾਪਤ ਕਰਨ ਗਏ ਸਨ। ਜਿਵੇਂ ਭਾਈ ਸਾਹਿਬ ਗੁਰਦਾਸ ਜੀ ਨੇ ਅੰਕਤ ਕੀਤਾ ਹੈ:—

*ਪਹਿਲਾ ਬਾਬੇ ਪਾਯਾ ਬਖਸ਼ ਦਰ
ਪਿਛੋਂ ਦੀ ਫਿਰ ਘਾਲ ਕਮਾਈ।
ਰੇਤੁ ਅਕ ਆਹਾਰ ਕਰਿ,
ਰੋੜਾਂ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ,
ਵਡੇ ਭਾਗ ਹਰਿ ਸਿਉ ਬਣਿਆਈ।
ਬਾਬਾ ਪੈਧਾ ਸਚੁ ਖੰਡ,
ਨਉ ਨਿਧਿ ਨਾਮ ਗਰੀਬੀ ਪਾਈ।
ਬਾਬਾ ਦੇਖੈ ਧਿਆਨ ਧਰ,
ਜਲਤੀ ਸਭ ਪ੍ਰਿਥਵੀ ਦਿਸ ਆਈ।
ਬਾਝ ਗੁਰੂ ਗੁਬਾਰੁ ਹੈ,
ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ,
ਉਦਾਸੀ ਕੀ ਰੀਤ ਚਲਾਈ।
ਚੜਿਆ ਸੋਧਣ ਧਰਤਿ ਲੁਕਾਈ।
(ਵਾਰ ੧ ਗਉੜੀ–੨੪)

*ਇਸ ਪਉੜੀ ਦੀਆਂ ਕਈ ਪੰਕਤੀਆਂ ਦਾ ਰੂਪ ਨਵੇਂ ਪ੍ਰਚਲਤ ਪਾਠਾਂ ਨਾਲੋਂ ਵਿਲੱਖਣ ਹੈ। ਇਸ ਵਿਲੱਖਣਤਾ ਦਾ ਕਾਰਨ ਗੁਰਬਾਣੀ ਲਿਖਣ ਦੀ ਨਿਯਮਾਵਲੀ ਹੈ। ਭਾਈ ਗੁਰਦਾਸ ਜੀ ਗੁਰਮਤਿ ਦੇ ਸ਼ਰੋਮਣੀ ਲਿਖਾਰੀ ਸਨ। ਪੰਚਮ ਪਾਤਸ਼ਾਹ ਜੀ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਸੰਪਾਦਨ ਕੀਤਾ, ਓਦੋਂ ਲਿਖਣ ਦੀ ਸੇਵਾ ਭਾਈ ਸਾਹਿਬ ਜੀ ਪਾਸੋਂ ਲਈ ਸੀ। ਇਹ ਪ੍ਰਮਾਣ ਇਸ ਗਲ ਦਾ ਸੂਚਕ ਹੈ ਕਿ ਭਾਈ ਸਾਹਿਬ ਜੀ ਨੂੰ ਗੁਰਬਾਣੀ ਦੀਆਂ ਲਗਾਂ-ਮਾਤਰਾਂ ਦਾ ਪੂਰਨ ਗਿਆਨ ਸੀ। ਆਪ ਜੀ ਦੀਆਂ ਵਾਰਾਂ (ਜੋ ਅਜ ਕਲ ਛਪੇ ਹੋਏ ਰੂਪ ਵਿਚ) ਮਿਲਦੀਆਂ ਹਨ, ਉਹਨਾਂ ਵਿਚ ਅੱਧਕ ਦੀ ਵਰਤੋਂ ਅਨੇਕਾਂ ਥਾਵਾਂ ਤੇ ਕੀਤੀ ਹੋਈ ਮਿਲਦੀ ਹੈ ਜਦੋਂ ਕਿ ਪੁਰਾਤਨ ਰੂਪ ਵਿਚ ਅੱਧਕ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਜਾਂਦੀ ਸੀ। ਪੁਰਾਤਨ ਰੂਪ ਵਿਚ ਕਈ ਸ਼ਬਦ-ਜੋੜਾਂ ਵਿਚ ਸਿਹਾਰੀ ਦੀ ਵਰਤੋਂ ਕੀਤੀ ਗਈ ਹੈ ਪਰ ਨਵੇਂ ਰੂਪ ਸਿਹਾਰੀ ਤੋਂ ਸਖਣੇ ਹਨ। ਇਸ ਪਾਸੇ ਸ਼੍ਰੋ: ਗੁ. ਪ੍ਰ: ਕਮੇਟੀ ਅੰਮ੍ਰਿਤਸਰ ਨੂੰ ਧਿਆਨ ਦੇਣਾ ਚਾਹੀਦਾ ਹੈ। ਹੁਣ ਵੀ ਭਾਈ ਸਾਹਿਬ ਦੀਆਂ ਵਾਰਾਂ ਦੇ ਪੁਰਾਤਨ ਹਥ-ਲਿਖਤੀ ਰੂਪ ਕਈ ਪ੍ਰੇਮੀਆਂ ਪਾਸ ਤੇ ਕਈ ਸਰਕਾਰੀ ਪੁਸਤਕਾਲਿਆਂ ਵਿਚ ਮੌਜੂਦ ਹਨ। ਜੇ ਮੂਲ ਰੂਪ (ਲਗਾਂ-ਮਾਤਰਾਂ ਸਹਿਤ) ਇਹਨਾਂ ਵਾਰਾਂ ਨੂੰ ਪ੍ਰਕਾਸ਼ਤ ਕਰਵਾਇਆ ਜਾਵੇ ਤਾਂ ਸਿਖ ਸੰਗਤਾਂ ਕਈ ਟਪਲਿਆਂ ਤੋਂ ਬਚ ਸਕਦੀਆਂ ਹਨ ਤੇ ਸ਼ੁੱਧ-ਪਾਠ ਕਰਨ ਵਿਚ ਵਾਧਾ ਹੋ ਸਕਦਾ ਹੈ। ਇਸ ਪਉੜੀ ਦਾ ਪਾਠ ਗਿਆਨ ਰਤਨਾਵਲੀ ਦੇ **1730–35 ਈ:** ਦੇ ਇਕ ਹਥ-ਲਿਖਤੀ ਨੁਸਖ਼ੇ ਵਿਚੋਂ ਦਿਤਾ ਹੈ। (ਪੰਨਾ–੬੫)



www.AKJ.Org

ਗੁਰਦੇਵ ਜੀ ਨੇ ਨਿਰੰਕਾਰ ਜੀ ਦੇ ਜੋ ਸਾਂਗੋਪਾਂਗ ਦਰਸ਼ਨ ਪਾਏ ਉਸ ਦਾ ਸਰੂਪ ਇਸ ਲੋਕ ਦੇ ਜੀਆਂ ਇਸ ਮੂਲ ਮੰਤ੍ਰ ਰਾਹੀਂ ਦਰਸਾਇਆ ਹੈ।

ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਕਿਸੇ ਧਰਮ '੧' (ਏਕੰਕਾਰ) ਨੂੰ ਕਿਸੇ ਨਹੀਂ ਅਪਣਾਇਆ। ਹਿੰਦੂ ਤਿੰਨ ਮੂਰਤੀ ਰੂਪ (੧) ਬ੍ਰਹਮਾ (੨) ਵਿਸ਼ਨੂੰ (੩) ਸ਼ਿਵ ਵਿਚ ਫਸੇ ਹੋਏ ਸਨ। ਉਹ ਸ਼ਾਸਤਰਾਂ ਦੇ ਆਦਿ ਵਿਚ ਦਿਤੇ ਸ਼ਬਦ 'ਓਅੰ' ਦਾ ਜਾਪ ਕਰਦੇ ਸਨ। ਪਰ ਉਹ ਤਿੰਨ ਮੂਰਤੀ ਵਾਂਗ ਤਿੰਨ ਵਰਨਾ (੧. ਖਤ੍ਰੀ ੨. ਬ੍ਰਾਹਮਣ ੩. ਵੈਸ਼) ਨੂੰ ਹੀ 'ਓਅੰ' ਦੇ ਜਾਪ ਦਾ ਅਧਿਕਾਰੀ ਸਮਝਦੇ ਸਨ, ਸ਼ੂਦਰਾਂ ਨੂੰ ਨਹੀਂ। ਮੁਸਲਮਾਨ ਵੀ ਮੁਹੰਮਦ ਸਾਹਿਬ ਨੂੰ ਮੰਨਦੇ ਸਨ ਤੇ ਰੱਬ ਦਾ ਘਰ ਪਛਮ ਵਲ ਸਮਝਦੇ ਸਨ, ਇਸ ਲਈ ਕਾਣੇ ਸਨ। ਗੁਰਦੇਵ ਜੀ ਨੇ ਨਿਰਮਲ ਪੰਥ ਚਲਾਕੇ ਸਿਖਾਂ ਨੂੰ ਗਿਆਨੀ ਬਣਾ ਦਿਤਾ ਅਤੇ ਸਾਰੇ ਸੰਸਾਰ ਦੀ ਕਲਿਆਣਤਾ ਲਈ ਇਕ ਦਾ ਹੋਕਾ, ਸੱਚੀ ਰਹਿਤ ਤੇ ਸੱਚਾ ਉਪਦੇਸ਼ ਦਿਤਾ :—

੧. ਬੋਲਹੁ ਸਚੁ ਨਾਮੁ ਕਰਤਾਰੁ।
ਫੁਨਿ ਬਹੁੜਿ ਨ ਆਵਣਵਾਰ।
ਨਾਉ ਪ੍ਰਭਾਤੇ ਸਬਦਿ ਧਿਆਈਐ,
ਛੋਡਹੁ ਦੁਨੀ ਪਰੀਤਾ।
ਪ੍ਰਣਵਤਿ ਨਾਨਕ ਦਾਸਨਿ ਦਾਸਾ,
ਜਗਿ ਹਾਰਿਆ ਤਿਨਿ ਜੀਤਾ।
(ਪੰਨਾ ੧੩੨੯-੩੦)

੨. ਸੇਵਾ ਸੁਰਤਿ ਸਬਦਿ ਵੀਚਾਰਿ।
ਜਪੁ ਤਪੁ ਸੰਜਮੁ ਹਉਮੈ ਮਾਰਿ।
ਜੀਵਨ ਮੁਕਤੁ ਜਾ ਸਬਦੁ ਸੁਣਾਏ।
ਸਚੀ ਰਹਤ ਸਚਾ ਸੁਖੁ ਪਾਏ। (ਪੰਨਾ ੧੩੪੩)

ਗੁਰਦੇਵ ਦਾ ਇਹ ਇਕ ਅਦੁਤੀ ਆਸ਼ਾ ਸੀ ਕਿ ਅਕਾਲ ਪੁਰਖ ਇਕ ਹੈ, ਉਹ ਇਕ ਰਸ ਵਿਆਪਕ ਹੈ, ਇਸ ਲਈ ਬਾਕੀ ਧਰਮਾਂ ਨਾਲੋਂ ਨਵੀਂ ਗਲ ਇਹ ਕੀਤੀ ਕਿ ਆਪਣੀ ਬਾਣੀ ਉਚਾਰਨ ਤੇ ਲਿਖਣ ਵੇਲੇ '੧ (ਏਕੰਕਾਰ) ਨੂੰ ਪ੍ਰਮੁੱਖਤਾ ਦਿਤੀ। ਉਪਰੋਕਤ ਸਰੂਪ ਦਾ ਦਰਸ਼ਨ ਕਰਨ ਲਈ ਇਹ ਗੁਪਤ ਭੇਦ ਪ੍ਰਗਟ ਕੀਤਾ ਕਿ ਅਕਾਲ ਪੁਰਖ ਦਾ 'ਦਰਸ਼ਨ ਮੇਲਾ' 'ਗੁਰੂ ਦੀ ਕਿਰਪਾ ਨਾਲ' ਹੀ ਹੋ ਸਕਦਾ ਹੈ; ਹੋਰ ਕੋਈ ਤਰੀਕਾ ਨਹੀਂ।

ਜਿਹੜੀ 'ਜੋਤਿ' ਤੇ ਜੁਗਤੀ (ਅਕਾਲੀ ਸ਼ਕਤੀ) ਗੁਰੂ ਨਾਨਕ ਦੇਵ ਜੀ ਨੂੰ ਰੱਬੀ ਦਰਬਾਰ 'ਚੋਂ ਸੰਸਾਰੀ ਜੀਆਂ ਦੇ ਜੀਵਨ ਉਸਾਰੀ ਲਈ ਮਿਲੀ ਉਹੋ ਜੋਤਿ ਤੇ ਜੁਗਤੀ ਦਸ ਜਾਮਿਆਂ ਤਕ ਸਰੀਰ ਰੂਪੀ ਚੋਲੇ ਅੰਦਰ 'ਸ਼ਬਦ ਰੂਪ' ਵਿਚ ਵਿਚਰਦੀ ਰਹੀ। ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਉਹ 'ਸ਼ਬਦ ਰੂਪ ਜੋਤਿ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਟਿਕਾ ਦਿਤੀ। ਖਾਲਸਾ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਸਥਾਪਤ ਕਰ ਦਿਤਾ। ਜੋ ਕੰਮ (ਨਾਮ ਰੂਪੀ ਦੀਖਿਆ ਦੇਣ ਦਾ) ਗੁਰੂ ਕਰਦੇ ਸਨ, ਉਹ ਕੰਮ ਪੰਜ ਪਿਆਰਿਆਂ ਪਾਸੋਂ (ਖਾਲਸਾ ਪੰਥ, ਗੁਰੂ ਰੂਪ ਬਣਾ ਕੇ) ਆਪਣੀ ਹੋਂਦ ਵਿਚ ਕਰਵਾਇਆ ਜੋ ਕਿ ਹੁਣ ਤਕ ਕਰਦੇ ਆ ਰਹੇ ਹਨ। ਸੋ ਮੂਲ-ਮੰਤਰ ਦਾ ਤਾਤ-ਪਰਜ ਇਹ ਹੈ ਕਿ ਅਕਾਲ ਪੁਰਖ ਇਕ ਹੈ, ਉਸ ਦੇ ਦਰਸ਼ਨ, ਆਪਣੀ ਕੀਤੀ ਕਮਾਈ ਜਾਂ ਸ਼ਕਤੀ ਦੇ ਬਲ ਨਹੀਂ ਹੋ ਸਕਦੇ। ਉਸ ਦਾ ਇਕੋ ਇਕ ਸਾਧਨ ਹੈ 'ਗੁਰੂ ਦੀ ਕਿਰਪਾ।' ਇਸ ਲਈ ਗੁਰੂ ਦੀ ਕਿਰਪਾ ਦਾ ਪਾਤਰ ਬਣਨ ਲਈ ਸਾਨੂੰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸ਼ਬਦ ਰੂਪ ਗੁਰੂ) ਦੇ ਆਸਰੇ ਹੀ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

---

ਸ਼ਬਦ ਅਰਥ—੧. ਇਕ (ਏਕੰਕਾਰ) 'ਏਕੰਕਾਰੁ ਅਵਰੁ ਨਹੀ ਦੂਜਾ।' (ਪੰਨਾ ੯੩੦)
੨. ਇਕ ਰੱਤ ਵਿਆਪਕ 'ਓਅੰਕਾਰਿ ਏਕੋ ਰਵਿ ਰਹਿਆ ਸਭ ਏਕਸ ਮਾਹਿ ਸਮਾਵੈਗੋ।' (ਪੰਨਾ ੧੩੧੦)
੩. ਇਕ ਰੱਸ ਰਹਿਣ ਵਾਲਾ ਨਾਮ–'ਸਤਿਨਾਮੁ ਪ੍ਰਭ ਕਾ ਸੁਖਦਾਈ।' (ਪੰਨਾ ੨੮੪)
੪. ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ–(ਕਰਤਾਰ) 'ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ।' (ਪੰਨਾ ੧੩੮੫)
੫. ਡਰ ਤੋਂ ਰਹਿਤ 'ਏਕਾ ਨਿਰਭਉ ਬਾਤ ਸੁਨੀ।' (ਪੰਨਾ ੯੯੮)
੬. ਵੈਰ ਤੋਂ ਰਹਿਤ 'ਨਿਰਵੈਰੁ ਅਕਾਲ ਮੂਰਤਿ। ਆਜੂਨੀ ਸੰਭਉ।' (ਪੰਨਾ ੧੨੦੧)
੭. ਮੌਤ ਤੋਂ ਰਹਿਤ ਸਰੂਪ 'ਕਾਲ ਰਹਿਤ ਅਕਾਲ ਸਰੂਪਾ।' (ਅਕਾਲ ਉਸਤਤ ਪਾ: ੧੦)
੮. ਜੂਨੀਆ ਤੋਂ ਰਹਿਤ ਜੋ ਗਰਭ ਵਿਚ ਨਾ ਆਵੇ 'ਜਨਮਿ ਨ ਮਰੈ ਨ ਆਵੈ ਨ ਜਾਇ। ਨਾਨਕ ਕਾ ਪ੍ਰਭੁ ਰਹਿਓ ਸਮਾਇ।'
੯. ਗੁਰੂ ਦੀ ਕਿਰਪਾ ਨਾਲ 'ਗੁਰ ਪ੍ਰਸਾਦਿ ਨਾਨਕ ਇਕੁ ਜਾਤਾ।' ਪੰਨਾ ੨੮੯)

www.AKJ.Org

# ਭੂਪਾਲ ਵਿਖੇ ਅਦੁਤੀ ਅਖੰਡ ਕੀਰਤਨ ਸਮਾਗਮ ਦਾ ਪਰੋਗਰਾਮ

24.10.70 ਸ਼ਨੀਵਾਰ ਕੀਰਤਨ ਆਸਾ ਦੀ ਵਾਰ ਗੁ: ਸਾਹਿਬ ਸ਼ਾਹਜਹਾਨਾਬਾਦ ਸਵੇਰੇ 5 ਤੋਂ 10 ਵਜੇ ਤਕ
24.10.70 ਕੀਰਤਨ ਰੈਣ ਸਬਾਈ ਗੁ: ਨਾਨਕ ਦਰਬਾਰ ਹੈਵੀਇਲੈਕਟਰੀਕਲਜ਼ ਸ਼ਾਮ 8 ਤੋਂ ਸਵੇਰੇ 6 ਵਜੇ ਤਕ

24.10.70 ਰਾਤ ਨੂੰ ਹੀ ਗੁਰਦਵਾਰਾ ਨਾਨਕ ਦਰਬਾਰ ਸਾਹਿਬ ਵਿਖੇ ਹੀ ਅੰਮ੍ਰਿਤ ਸੰਚਾਰ ਹੋਵੇਗਾ। ਇਸ ਗੁਰਦਵਾਰਾ ਸਾਹਿਬ ਦੇ ਨਜ਼ਦੀਕ ਹੀ ਬਾਹਰੋਂ ਆਈਆਂ ਸੰਗਤਾਂ ਦੇ ਰਿਹਾਇਸ਼ ਦਾ ਪ੍ਰਬੰਧ ਹੋਵੇਗਾ। ਸਮੂੰਹ ਸੰਗਤਾਂ ਅਗੇ ਜੋਦੜੀ ਹੈ ਕਿ ਦਰਸ਼ਨ ਦੇ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਪੁਛ ਗਿਛ ਲਈ–ਇੰਦਰਜੀਤ ਸਿੰਘ, ਦਾਸਰੇ—ਅਖੰਡ ਕੀਰਤਨੀ ਜਥਾ, ਭੂਪਾਲ।

495/N2/Sector-C. BERKHERA H.E.L. BHOPAL

**ਭਾਰੀ ਸਮਾਗਮ**—ਸਰਬੱਤ ਸੰਗਤਾਂ ਨੂੰ ਜੋਦੜੀ ਕੀਤੀ ਜਾਂਦੀ ਹੈ ਕਿ ਸਚੇ ਪਾਤਸ਼ਾਹ ਦੀ ਮਹਾਨ ਬਖਸ਼ਿਸ਼ ਦਾ ਸਦਕਾ ਦਾਸ ਦੇ ਗ੍ਰਿਹਿ ਵਿਖੇ ਅਖੰਡ ਪਾਠ ਤੇ ਗੁਰਦੁਆਰਾ ਸਾਹਿਬ ਵਿਖੇ ਰੈਣਸਬਾਈ ਸਮਾਗਮ ਹੋਣੇ ਨੀਅਤ ਹੋਏ ਹਨ। ਸਰਬੱਤ ਗੁਰੂ ਪਿਆਰੇ ਹੇਠ ਦਿਤੇ ਪਰੋਗਰਾਮ ਅਨੁਸਾਰ ਦਰਸ਼ਨ ਬਖਸ਼ ਕੇ ਦਾਸ ਨੂੰ ਨਿਵਾਜਣ।

* ਪਰੋਗਰਾਮ *

੨੯ ਅਕਤੂਬਰ ਨੂੰ ਸ੍ਰੀ ਅਖੰਡ ਪਾਠ ਅਰੰਭ ਹੋ ਕੇ ੩੧ ਅਕਤੂਬਰ ਨੂੰ ੧੯੭੦ ਨੂੰ ਭੋਗ ਪਵੇਗਾ। ਉਸੇ ਸ਼ਾਮ ਨੂੰ ਰੈਣਸਬਾਈ ਕੀਰਤਨ ਠੀਕ ੮ ਵਜੇ ਅਰੰਭ ਹੋਵੇਗਾ, ਜਿਸਦੀ ਸਮਾਪਤੀ ੧ ਨਵੰਬਰ ੧੯੭੦ ਨੂੰ ਸਵੇਰੇ ੭ ਵਜੇ ਹੋਵੇਗੀ।

ਨੋਟ:—ਪਿੰਡ ਰਾਜਪੁਰ ਗਹੋਤ ਜਲੰਧਰ ਪਠਾਨਕੋਟ ਵਾਲੀ ਸੜਕ ਤੇ ਟਾਂਡਾ ਤੋਂ ਦੋ ਮੀਲ ਪਠਾਨਕੋਟ ਵਲ ਹੈ। ਬਸ ਸਟੈਂਡ ਮੂਨਕਾਂ ਦਾ ਫਾਟਕ ਹੈ ਉਥੋਂ ਪਿੰਡ ਤਕਰੀਬਨ ਇਕ ਮੀਲ ਦੀ ਵਿੱਥ ਤੇ ਹੈ।

ਦਾਸ–ਕੁੰਦਨ ਸਿੰਘ, ਪਿੰਡ ਰਾਜਪੁਰ ਗਹੋਤ, ਡਾਕਘਰ ਉੜਮੁੜ ਟਾਂਡਾ,
ਤਸੀਲ ਦਸੂਹਾ (ਹੁਸ਼ਿਆਰਪੁਰ)

## ਸੇਵਾ ਸਫ਼ਲ ਕਰੋ !

ਸ: ਕਰਤਾਰ ਸਿੰਘ ਜੀ ਧਨਬਾਦ ਨਿਵਾਸੀ ਗੁਰਮਤਿ ਪ੍ਰਚਾਰ ਨੂੰ ਮੁਖ ਰਖਦੇ ਹੋਏ 'ਸੂਰਾ' ਲਈ ਹੇਠ ਲਿਖੇ ਸਜਨਾਂ ਦੇ ਇਕ ਇਕ ਸਾਲ ਵਾਸਤੇ ਚੰਦੇ ਭੇਜਦੇ ਹਨ ਤੇ ਨਾਲ ਹੀ ਜੋਦੜੀ ਕਰਦੇ ਹਨ ਇਹ ਗੁਰੂ ਪਿਆਰੇ ਦਾਸ ਦੀ ਸੇਵਾ ਨੂੰ ਪ੍ਰਵਾਨ ਕਰਨ।

੧. ਸ: ਪਰਤਾਪ ਸਿੰਘ ਜੀ ਠੇਕੇਦਾਰ ਗੁਰੂ ਨਾਨਕਪੁਰਾ ਧੰਨਬਾਦ (ਬਿਹਾਰ)
੨. ਸ: ਨਰਿੰਦਰ ਸਿੰਘ ਜੀ ਠੇਕੇਦਾਰ, ਗੁਰੂ ਨਾਨਕਪੁਰਾ, ਧੰਨਬਾਦ
੩. ਸ: ਨਿਰਮਲ ਸਿੰਘ ਜੀ ਠੇਕੇਦਾਰ, ਗੁਰੂ ਨਾਨਕਪੁਰਾ, ਧੰਨਬਾਦ

---

**ਬੇਨਤੀ**—'ਸੂਰਾ' ਦੇ ਸੁਹਿਰਦ ਲੇਖਕਾਂ ਦੀ ਸੇਵਾ ਵਿਚ ਜੋਦੜੀ ਹੈ ਕਿ ਲੇਖ ਕਾਗਜ਼ ਦੇ ਇਕ ਪਾਸੇ ਸਾਫ਼ ਸੁਥਰਾ ਲਿਖਿਆ ਹੋਇਆ ਅਤੇ ਖ਼ਾਸਕਰ ਗੁਰਬਾਣੀ ਦੀਆਂ ਤੁਕਾਂ ਦੀ ਸੁਧਾਈ ਅਤੇ ਪੰਨਾ ਹੋਣਾ ਜ਼ਰੂਰੀ ਹੈ, ਤਾਕਿ ਪਰੂਫ਼ ਰੀਡਿੰਗ ਵੇਲੇ ਔਖਿਆਈ ਨਾ ਹੋਵੇ। ਦਾਸ–ਮੈਨੇਜਰ, 'ਸੂਰਾ' ਪਟਿਆਲਾ।



www.AKJ.Org

(ਸਫ਼ਾ 4 ਦੀ ਬਾਕੀ)

ਵਾਲੇ ਸਿੰਘ ਸਨ ਕਹਿਣੀ ਕਰਣੀ ਦੇ ਸੂਰੇ 'ਪ੍ਰਥਮੇ ਮਨ ਪਰਬੋਧੈ ਅਪਣਾ ਪਾਛੈ ਅਵਰ ਰੀਝਾਵੈ'–ਪੂਰਨ ਸੰਤ ਸਿਪਾਹੀ, ਸਾਸ ਗਿਰਾਸ ਦਾ ਖੰਡਾ ਖੜਕਾਉਣ ਵਾਲੇ ਉਹਨਾਂ ਦੇ ਜੀਵਨ ਤੋਂ ਪ੍ਰਭਾਵਤ ਹੋ ਕੇ ਸੰਸਾਰੀ ਅੰਮ੍ਰਿਤ ਛਕ ਕੇ ਸਿੰਘ ਸਜਦੇ ਸਨ–ਉਸ ਸਮੇਂ ਸਿੰਘ ਸਜਣਾ ਮੌਤ ਨੂੰ ਵਾਜ ਮਾਰਨ ਵਾਲੀ ਗਲ ਸੀ, ਪਰ ਇਕ ਤਾਂ ਸਿਖੀ ਦੇ ਅਸੂਲ ਹੀ ਇਤਨੇ ਸੁਚਜੇ ਹਨ, ਦੂਜੇ ਪ੍ਰਚਾਰਕ ਜੀਵਨ ਵਾਲੇ ਸਨ, ਸਿੰਘ ਦੇ ਨੇੜੇ ਮੌਤ ਦਾ ਡਰ ਤਾਂ ਆਉਂਦਾ ਹੀ ਨਹੀਂ ਸਿੰਘ ਸਜਾਣ ਤੋਂ ਪਹਿਲਾਂ ਤਾਂ ਕਹੀ ਹੀ ਇਹ ਗੱਲ ਜਾਂਦੀ ਹੈ— 'ਪਹਿਲਾਂ ਮਰਣੁ ਕਬੂਲਿ ਜੀਵਨ ਦੀ ਛਡ ਆਸ' 'ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰੁ ਧਰਿ ਤਲੀ ਗਲੀ ਮੇਰੀ ਆਓ, 'ਇਤੁ ਮਾਰਗ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨਾ ਕੀਜੈ' ਦੂਜੀਆਂ ਕੌਮਾਂ ਵਾਂਗੂ ਨਹੀਂ ਕੀਤਾ ਜਾਂਦਾ ਮੁਸਲਮਾਨ ਬੱਚੇ ਦੀ ਹੀ ਸੁੰਨਤ ਕਰ ਦਿੰਦੇ ਹਨ ਅਤੇ ਹਿੰਦੂ ਬਚੇ ਦੇ ਹੀ ਕੇਸ ਕਤਲ ਕਰਕੇ ਹਿੰਦੂ ਧਰਮ ਵਿਚ ਧਕ ਦਿੰਦੇ ਹਨ–ਖਾਲਸਾ ਬਾਲਗ ਹੋਣ ਤੇ ਪੂਰੀ ਸੂਝ ਬੂਝ ਰਖਦੇ ਹੋਏ ਤੋਂ ਇਹ ਪ੍ਰਣ ਲਿਆ ਜਾਂਦਾ ਹੈ ਕਿ ਲੋੜ ਪੈਣ ਤੇ ਦੇਸ਼ ਤੇ ਕੌਮ ਤੋਂ ਸੀਸ ਵਾਰਨਾ, ਚਾਰ ਬਜਰ ਕੁਰਹਿਤਾਂ ਤੋਂ ਬਚ ਕੇ ਰਹਿਣਾ, ਪੰਜ ਰਹਿਤਾਂ ਰਖਣੀਆਂ (ਪੰਜ ਕਕਾਰ) ਪਾਹੁਲ ਛਕਣ ਦਾ ਅਧਕਾਰੀ ਤਾਂ ਬਣਦਾ ਹੈ, ਫਿਰ ਪਹੁਲ ਛਕ ਕੇ ਜੋ ਗੁਰ ਮੰਤਰ ਦ੍ਰਿੜ ਕਰਾਇਆ ਜਾਂਦਾ ਹੈ, ਸਾਸ ਗਿਰਾਸ ਸਿਮਰਨ ਦੀ ਹਦਾਇਤ ਕੀਤੀ ਜਾਂਦੀ ਹੈ। 'ਬਿਨੁ ਸਿਮਰਨ ਦਿਨੁ ਰੈਨਿ ਬਿਰਥਾ ਬਿਹਾਇ। ਮੇਘ ਬਿਨਾ ਜਿਉ ਖੇਤੀ ਜਾਇ।' ਸਿਮਰਨ ਤੋਂ ਬਿਨਾਂ ਪੰਜਾਂ ਬਾਣੀਆਂ ਦਾ ਨਿਤਨੇਮ ਅਧੂਰਾ ਹੈ।

ਸੋ ਇਸ ਤਰ੍ਹਾਂ ਉਪਦੇਸ਼ ਦੇਂਦੇ ਨਵਾਬ ਕਪੂਰ ਸਿੰਘ ਜੀ ਸਿਖ ਧਰਮ ਦਾ ਪ੍ਰਚਾਰ ਕਰਦੇ ਰਹੇ। ਨਵਾਬ ਸਾਹਿਬ ਦੇ ਸਮੇਂ ਸਿਖੀ ਦਾ ਬੜਾ ਵਾਧਾ ਹੋਇਆ। ਉਸ ਸਮੇਂ ਕੇਵਲ ਬੁਢਾ ਦਲ ਸੀ। ਇਕੋ ਥਾਂ ਲੰਗਰ ਪਕਦਾ ਸੀ, ਫਿਰ ਦੋ ਦਲ ਬਣੇ, ਇਕ ਬੁਢਾ ਦਲ ਬਾਰਾਂ ਮਿਸਲਾਂ ਦਾ ਰੂਪ ਧਾਰਿਆ, ਜਿਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਅੰਤ ਤੋੜ ਕੇ ਰਾਜ ਕਾਇਮ ਕੀਤਾ, ਰਾਜ ਦੀ ਐਸ਼ ਇਸ਼ਰਤ ਨੇ ਕਮੀ ਲਿਆਂਦੀ। ਖਾਲਸੇ ਦੇ ਥਾਂ ਡੋਗਰੇ ਵਜ਼ੀਰ ਰਖੇ ਗਏ, ਜਿਨ੍ਹਾਂ ਗ਼ਦਾਰੀ ਕੀਤੀ। ਅੰਤ ਸਾਰੇ ਭਾਰਤ ਦੇ ਨਾਲ ਪੰਜਾਬ ਭੀ ਅੰਗਰੇਜ਼ਾਂ ਦਾ ਗ਼ੁਲਾਮ ਬਣਿਆ। 1947 ਦੀ 15 ਅਗਸਤ ਨੂੰ ਫਿਰ ਆਜ਼ਾਦ ਹੋਇਆ, ਸਾਰੇ ਭਾਰਤ ਨਾਲੋਂ ਪੰਜਾਬ ਨੇ ਵਧ ਕੀਮਤ ਆਜ਼ਾਦੀ ਦੀ ਦਿਤੀ। ਗੁਰਦਵਾਰੇ ਵਿਛੜੇ, ਸੂਬੇ ਦੇ ਦੋ ਟੁਕੜੇ ਕੀਤੇ ਗਏ, ਵਧ ਤੋਂ ਵਧ ਜਾਨੀ ਨੁਕਸਾਨ ਵੀ ਹੋਇਆ। ਹੁਣ ਆਜ਼ਾਦ ਹਾਂ, ਅਮਨ ਦਾ ਸਮਾਂ ਹੈ। ਧਰਮ ਪ੍ਰਚਾਰ ਕੀਤਾ ਜਾਏ, ਪਹਿਲਾਂ ਸਿਖਾਂ ਨੂੰ ਸਿਖੀ 'ਚ ਪ੍ਰਪਕ ਕੀਤਾ ਜਾਏ. ਸਿਖੀ ਦੇ ਵਾਧੇ ਲਈ ਉਦਮ ਕੀਤੇ ਜਾਣ, ਪੂਰਨ ਗੁਰਸਿਖ ਬਣਨ ਧਰਮ ਤੇ ਦੇਸ਼ ਤੋਂ ਕੁਰਬਾਨ ਹੋਣ ਵਾਲੀ ਸਪਿਰਟ ਪੈਦਾ ਹੋਵੇ। ਪਰ ਇਹ ਗਲ ਕਿਥੇ, ਵਜ਼ੀਰੀ ਦੀਆਂ ਕੁਰਸੀਆਂ ਲਈ ਹੁਣ ਤਾਂ ਉਦਮ ਕੀਤੇ ਜਾਂਦੇ ਹਨ। ਧਰਮ ਪਰਚਾਰ ਸਿੰਘਾਂ ਦੇ ਸਵਾਂਗ ਉਤਾਰ ਕੇ ਨਾਟਕ ਚੇਟਕ ਫ਼ਿਲਮਾਂ ਰਾਹੀਂ ਹੋਣ ਲਗ ਪਿਆ ਹੈ। ਅੱਧ ਕਤਰੀਆਂ ਦਾੜ੍ਹੀਆਂ ਜਾਂ ਪਹੁਲ ਤੋਂ ਬਿਨਾਂ ਭੇਖੀ ਮੂਰਖ ਕੇਸ ਰਖ ਕੇ ਕੁਰਸੀਆਂ ਵਾਸਤੇ ਕਕਾਰੋਂ ਹੀਣੇ ਟੋਲਿਆਂ ਦੇ ਟੋਲੇ ਸਿਖ ਬਣੀ ਫਿਰਦੇ ਹਨ, 'ਅਸੀਂ ਗੁਰਸਿਖ ਹਾਂ' ਇਹ ਕਹਿੰਦਿਆਂ ਨੂੰ ਸ਼ਰਮ ਨਹੀਂ ਆਉਂਦੀ। ਸਿਖ ਇਤਿਹਾਸ ਪੜ੍ਹਿਆਂ ਲੂੰ ਕੰਡੇ ਖੜੇ ਹੁੰਦੇ ਹਨ। ਸਿੰਘਾਂ ਦੇ ਤਸੀਹੇ ਸਹਿੰਦਿਆਂ ਖੋਪਰੀਆਂ ਲੁਹਾਂਦਿਆਂ, ਆਰਿਆਂ ਨਾਲ ਚਰੀਂਦਿਆਂ, ਚਰਖੜੀਆਂ ਤੇ ਚੜ੍ਹਿਆਂ ਦਾ ਤੂੰਬਾ ਤੂੰਬਾ ਹੋ ਕੇ ਮਾਸ ਉਡਦਾ ਪੜ੍ਹ ਕੇ ਕਮਜ਼ੋਰਾਂ 'ਚ ਵੀ ਬਲ ਆ ਜਾਂਦਾ ਹੈ। ਇਹਨਾਂ ਸੂਰਮਿਆਂ ਨੇ ਅੰਮ੍ਰਿਤ ਛਕ ਕੇ ਸਵਾਸ ਸਵਾਸ ਨਾਮ ਜਪ ਕੇ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਸ਼ਹੀਦੀਆਂ ਪ੍ਰਾਪਤ ਕੀਤੀਆਂ। 'ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ। ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ। ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜੀਆਰੈ। ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ।' ਐਸੇ ਸੂਰਮਿਆਂ ਪ੍ਰਥਾਇ ਇਹ ਮਹਾਂਵਾਕ ਹੈ—

'ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ,
ਸੋ ਕਹੀਅਤ ਹੈ ਸੂਰਾ।'

——


www.AKJ.Org

'SURA' (*Fourtnightly*) Patiala. Registred No. 79

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | | | |
|---|---|---|---|
| ਜੇਲ੍ਹ ਚਿੱਠੀਆਂ | ੫-੦੦ | ਪ੍ਰਗਟੀ ਜੋਤ ਮਿਲੇ ਰਾਮ ਪਿਆਰੇ | ੦-੩੦ |
| ਗੁਰਮਤ ਨਾਮ ਅਭਿਆਸ ਕਮਾਈ | ੩-੦੦ | ਗੁਰਮਤਿ ਗੌਰਵਤਾ | ੫-੦੦ |
| ਗੁਰਮਤ ਲੇਖ | ੨-੫੦ | ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ਗੁਰਮਤ ਬਬੇਕ | ੩-੦੦ | ਅਕਾਲ ਪੁਰਖ ਦੇ ਪ੍ਰਤਖ ਦਰਸ਼ਨ | ੦-੨੦ |
| ਸੱਚਖੰਡ ਦਰਸ਼ਨ | ੦-੭੫ | ਵਾਹਿਗੁਰੂ ਸਿਮਰਨ | ੦-੨੦ |
| ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ | ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ਚਰਨ ਕਮਲ ਕੀ ਮਉਜ | ੦-੯੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ਅਣਡਿਠੀ ਦੁਨੀਆਂ | ੪-੦੦ | ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੨-੦੦ |
| ਅੰਮ੍ਰਿਤ ਕਲਾ | ੦-੪੦ | ਗੁਰਮਤ ਵਿਚਾਰ | ੦-੮੦ |
| ਅੰਮ੍ਰਿਤ ਕੀ ਹੈ ? | ੦-੩੦ | ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦-੭੫ |
| ਸੁਪਨਾ | ੦-੩੦ | ਨਾਮ ਸਬੰਧੀ ਵਿਚਾਰ | ੦-੫੦ |
| ਬਾਬਾ ਵੈਦ ਰੋਗੀਆਂ ਦਾ | ੦-੨੦ | ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉਤਰ | ੦-੫੦ |
| ਗ਼ਯਾਨ ਚਾਨਣਾ | ੦-੧੦ | ਸੰਥਾ ਸੈਂਚੀਆਂ ਪਹਿਲਾ ਹਿਸਾ (ਸ਼. ਕ.) | ੯-੦੦ |
| ਰੰਗਲੇ ਸਜਣ | ੨-੫੦ | ਗੁਰਸਿਖ ਰਹਿਣੀ (ਲੇਖਕ ਬੀਬੀ ਅਮਰਜੀਤ ਕੌਰ) | ੦-੩੦ |
| ਸਿੱਖ ਕੌਣ ਹੈ ? | ੦-੧੫ | ਆਤਮਾ ਕੀ ਹੈ ? (ਲੇਖਕ ਭਾ. ਵਧਾਵਾ ਸਿੰਘ ਜੀ ਪਟਿਆਲਾ) | ੫-੦੦ |
| ਆਸਤਕ ਨਾਸਤਕ | ੦-੧੫ | ਜੀਵਨ ਬ੍ਰਿਤਾਂਤ ਭਾਈ ਰਣਧੀਰ ਸਿੰਘ ਜੀ (ਲੇਖਕ ਬਾਬਾ ਸੁਰਜਨ ਸਿੰਘ) | ੦-੫੦ |
| ਕੋ ਵਿਰਲਾ ਗੁਰਮਤਿ ਚਲੈ | ੦-੨੦ | | |
| ਸਚੀਆਂ ਦਾਹੜੀਆਂ | ੦-੧੨ | | |
| ਸੰਤ ਪਦ ਨਿਰਣੈ | ੨-੨੫ | | |
| ਗੁਰਮਤ ਰਮਜ਼ਾਂ | ੦-੬੫ | | |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ | | |

ਨੋਟ :—ਸਾਥੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ ਛਪੀਆਂ ਪੁਸਤਕਾਂ, ਗੁਟਕੇ, ਸ਼ਬਦਾਰਥ ਆਦਿ ਵੀ ਮਿਲ ਸਕਦੇ ਹਨ । ਡਾਕ ਖ਼ਰਚ ਵਖਰਾ, ਆਰਡਰ ਨਾਲ ਪੇਸ਼ਗੀ ਜ਼ਰੂਰੀ ਹੈ ।

ਪੁਸਤਕਾਂ ਮਿਲਣ ਦਾ ਪਤਾ :—

**ਸੂਰਾ ਪੁਸਤਕ ਭੰਡਾਰ** ਧੋਬੀ ਘਾਟ, ਪਟਿਆਲਾ ।

www.AKJ.org

www.AKJ.Org